ੴ ਸਤਿਗੁਰ ਪ੍ਰਸਾਦਿ ।।

# ਆਦਰਸ਼ਕ ਸੇਵਕ

ਲੇਖਕ

ਨਰੈਣ ਸਿੰਘ

ਪ੍ਰਕਾਸ਼ਕ:-
ਡਾ. ਇੰਦਰਜੀਤ ਕੌਰ ਉਤਰਾਧਿਕਾਰੀ
ਭਗਤ ਪੂਰਨ ਸਿੰਘ ਬਾਨੀ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)
ਅੰਮ੍ਰਿਤਸਰ ।

Sri Satguru Jagjit Singh Ji eLibrary NamdhariElibrary@gmail.com

# ਭੂਮਿਕਾ

'ਆਦਰਸ਼ਕ ਸੇਵਕ' ਲੇਖ ਮੈਂ 'ਸਿੱਖ ਧਰਮ ਦੀਆਂ ਬੁਨਿਆਦਾਂ' ਨਾਮੀ ਪੁਸਤਕ ਵਿਚੋਂ ਲਿਆ ਹੈ । ਇਸ ਦੇ ਲਿਖਾਰੀ ਸ: ਨਰੈਣ ਸਿੰਘ ਜੀ ਹਨ ਜੋ ਗੁਰਮਤਿ ਦੇ ਮਹਾਨ ਵਿਦਵਾਨ ਹਨ। ਉਨ੍ਹਾਂ ਨੇ ਆਪਣੀ ਸਾਰੀ ਉਮਰ ਗੁਰਮਤਿ ਦੀ ਖੋਜ ਵਿਚ ਗੁਜ਼ਾਰੀ ਹੈ। ਪਹਿਲਾਂ ਉਨ੍ਹਾਂ ਸਵਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਜੀ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਸ਼ਬਦਾਰਥ'' ਤਿਆਰ ਕੀਤਾ ਸੀ ਜਿਸ ਨੂੰ ਅੱਜ ਕੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਪ੍ਰਕਾਸ਼ਤ ਕਰਦੀ ਹੈ। ਕੋਈ ਦਰਜਨ ਕੁ ਪੁਸਤਕਾਂ ਉਨ੍ਹਾਂ ਨੇ ਅੰਗਰੇਜ਼ੀ ਤੇ ਪੰਜਾਬੀ ਵਿਚ ਸਿੱਖ ਧਰਮ ਅਤੇ ਗੁਰੂ ਇਤਿਹਾਸ ਬਾਬਤ ਹੋਰ ਲਿਖੀਆਂ ਹਨ, ਜਿਨ੍ਹਾਂ ਵਿਚੋਂ ਇਕ 'Our Heritage' ਚੀਫ਼ ਖ਼ਾਲਸਾ ਦੀਵਾਨ ਨੇ ਪ੍ਰਕਾਸ਼ਤ ਕੀਤੀ ਸੀ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਅਵਸਰ ਉੱਤੇ ਪੰਜਾਬੀ ਯੂਨੀਵਰਸਿਟੀ ਨੇ 'ਗੁਰੂ ਨਾਨਕ ਬਾਣੀ ਪ੍ਰਕਾਸ਼' ਉਨ੍ਹਾਂ ਦੀ ਨਿਗਰਾਨੀ ਹੇਠ ਹੀ ਤਿਆਰ ਕਰਾਈ ਸੀ ।

ਮੈਂ ਇਕ ਸਨਾਤਨ ਧਰਮੀ ਹਿੰਦੂ ਪਰਿਵਾਰ ਵਿਚ ਜੰਮ-ਪਲ ਕੇ ਸੰਸਾਰ ਦੇ ਜੀਵਾਂ ਦੇ ਕਸ਼ਟਾਂ ਨੂੰ ਨਿਵਾਰਣ ਲਈ ਸਾਰਾ ਜੀਵਨ ਅਰਪਣ ਕਰਨ ਵਾਲੇ ਮਹਾਂਪੁਰਸ਼ਾਂ ਦੀਆਂ ਕਹਾਣੀਆਂ ਸੁਣੀਆਂ ਸਨ ਜਿਨ੍ਹਾਂ ਨੇ ਮੇਰੇ ਹਿਰਦੇ ਵਿਚ ਪ੍ਰਾਣੀ-ਮਾਤਰ ਦੀ ਭਲਾਈ ਦੇ ਔਖੇ ਤੋਂ ਔਖੇ ਤੇ ਵੱਡੇ ਤੋਂ ਵੱਡੇ ਕਾਰਜਾਂ ਨੂੰ ਕਰਨ ਦੇ ਪ੍ਰਬਲ ਸੰਸਕਾਰ ਪਾਏ। ਉਨ੍ਹਾਂ ਸੰਸਕਾਰਾਂ ਦਾ ਵਿਕਾਸ ਕਰਾਉਣ ਲਈ ਮੈਨੂੰ ਸਿੱਖ ਗੁਰਦੁਆਰਿਆਂ ਦੀ ਓਟ ਰਾਸ ਆਈ । ਮੈਥੋਂ ਜੋ ਵੀ ਕਾਰਜ ਵਾਹਿਗੁਰੂ ਨੇ ਪਿੰਗਲਵਾੜੇ ਦੇ ਰੂਪ ਵਿਚ ਜਾਂ ਦੁਨੀਆਂ ਦੇ ਭਲੇ ਨਾਲ ਸੰਬੰਧ ਰੱਖਣ ਵਾਲੇ ਅਨੇਕ ਪ੍ਰਕਾਰ ਦੇ ਗਿਆਨ ਦੇ ਪ੍ਰਚਾਰ ਦੇ ਰੂਪ ਵਿਚ ਕਰਾਏ ਹਨ ਉਸ ਸਭ ਕਝ ਲਈ ਮੈਂ ਸਿੱਖ ਗੁਰਦੁਆਰਿਆਂ ਦਾ ਰਿਣੀ ਹਾਂ। ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਚਾਅ ਧਰਮ ਪ੍ਰਚਾਰ ਦਾ ਹੈ ਤੇ ਮੈਂ ਹਰ ਲੜਕੇ ਲੜਕੀ ਦੇ ਹੱਥ ਵਿਚ ਪ੍ਰੋਫ਼ੈਸਰ ਨਰੈਣ ਸਿੰਘ ਜੀ ਦੀ ਜਪੁ ਜੀ ਸਾਹਿਬ ਦੀ ਸਟੀਕ ਪੋਥੀ ਮੁਫ਼ਤ ਦੇਣਾ ਚਾਹੁੰਦਾ ਹਾਂ।

—ਭਗਤ ਪੂਰਨ ਸਿੰਘ

ਲਿਖਤ ਸਤੰਬਰ 1987.

**—ਮੁਫ਼ਤ ਭੇਟਾ—**

ਪੂਰਨ ਪ੍ਰਿੰਟਿੰਗ ਪ੍ਰੈਸ ਪਿੰਗਲਵਾੜਾ ਬਿਲਡਿੰਗਜ਼, ਅੰਮ੍ਰਿਤਸਰ।

(31-10-2002 ਨੂੰ ਛਪਿਆ 10,000)

Sri Satguru Jagjit Singh Ji eLibrary NamdhariElibrary@gmail.com

# ਭਗਤ ਪੂਰਨ ਸਿੰਘ ਪਿੰਗਲਵਾੜਾ ਦਾ ਭਾਸ਼ਨ

ਸਿੱਖ ਪਰਿਵਾਰਾਂ ਵਿਚ ਕਿਰਿਆ ਕਰਮ ਦੇ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੦੦੦ਵੇਂ ਪੰਨੇ ਦਾ 'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ' ਸ਼ਬਦ ਸਿੱਖਾਂ ਵਲੋਂ ਆਮ ਕਰਕੇ ਗਾਇਆ ਜਾਂਦਾ ਹੈ । ਇਸ ਸ਼ਬਦ ਵਿਚ ਜੀਵਨ ਦਾ ਉਹ ਮਾਰਗ ਦੱਸਿਆ ਗਿਆ ਹੈ ਜਿਸ ਤੇ ਚੱਲ ਕੇ ਬੰਦਾ ਪੂਰੀ ਤਸੱਲੀ ਨਾਲ ਆਪਣਾ ਜੀਵਨ ਸਫਲ ਬਣਾ ਸਕਦਾ ਹੈ। ਸੰਸਾਰ ਦਾ ਸਾਧਾਰਣ ਬੰਦਾ ਆਮ ਤੌਰ ਤੇ ਜੀਵਨ ਵਿਚ ਹੋਏ ਖੋਟੇ ਕਰਮਾਂ ਨੂੰ ਬੁਰਾਈ ਸਮਝਦਾ ਹੈ ਪਰ ਉਸ ਨੂੰ ਪਤਾ ਨਹੀਂ ਕਿ ਦੁਨੀਆਂ ਵਿਚ ਮਨ, ਬੁੱਧੀ ਤੇ ਸਰੀਰ ਦੀਆਂ ਸ਼ਕਤੀਆਂ ਨੂੰ ਸਮਾਜ ਦੇ ਭਲੇ ਲਈ ਨਾ ਵਰਤਣਾ ਵੀ ਇਕ ਬੁਰਾਈ ਹੀ ਹੈ । ਮਸਲਨ ਜਿਹੜਾ ਬੰਦਾ ਆਪਣੇ ਸਰੀਰ ਦੀ ਪੂਰੀ ਪੂਰੀ ਕੰਮ ਕਰਨ ਦੀ ਸ਼ਕਤੀ ਰੱਖਦਾ ਹੋਇਆ ਵੀ ਕੇਵਲ ਇਸ ਲਈ ਨਿਕਰਮਣ ਰਹਿੰਦਾ ਹੈ ਕਿਉਂਕਿ ਉਸ ਪਾਸ ਆਪਣੇ ਜੀਵਨ ਨਿਰਬਾਹ ਦੇ ਸਾਧਨ ਮੌਜੂਦ ਹਨ ਜਿਨ੍ਹਾਂ ਦੀ ਅਣਹੋਂਦ ਹੀ ਬੰਦੇ ਕੋਲੋਂ ਅਨੇਕ ਪ੍ਰਕਾਰ ਦੇ ਕੰਮ-ਕਾਜ ਕਰਵਾਇਆ ਕਰਦੀ ਹੈ ਤਾਂ ਉਹ ਆਪਣੇ ਫ਼ਰਜ਼ ਤੋਂ ਖੁੰਝ ਗਿਆ ਹੈ। ਦੁਨੀਆਂ ਦੇ ਬੰਦੇ ਪੈਸੇ ਨਾਲ ਚੀਜ਼ਾਂ ਮੁੱਲ ਲੈ ਕੇ ਲੋੜ ਅਨੁਸਾਰ ਵਰਤਦੇ ਹਨ ਪਰ ਪੈਸਾ ਤਾਂ ਕੇਵਲ ਸਮਾਜ ਦੇ ਕਾਰ ਵਿਹਾਰਾਂ ਨੂੰ ਚਾਲੂ ਰੱਖਣ ਲਈ ਹੁੰਦਾ ਹੈ। ਇਹ ਮਨੁੱਖ ਨੂੰ ਪਦਾਰਥਾਂ ਨੂੰ ਕੇਵਲ ਕਾਨੂੰਨੀ ਤੌਰ ਤੇ ਵਰਤਣ ਦਾ ਅਧਿਕਾਰੀ ਬਣਾਉਂਦਾ ਹੈ; ਇਖ਼ਲਾਕੀ ਤੌਰ ਤੇ ਉਨ੍ਹਾਂ ਪਦਾਰਥਾਂ ਦੀ ਵਰਤੋਂ ਦਾ ਅਧਿਕਾਰੀ ਨਹੀਂ ਬਣਾਉਂਦਾ। ਉਥੇ ਤਾਂ ਕੇਵਲ ਇਹ ਹੀ ਮਿਆਰ ਹੈ, ਸੇਵਕ ਹੋਣਾ ਪੈਂਦਾ ਹੈ। [੧] 'ਬੈ ਖਰੀਦ ਢਹਿ ਪਿਆ ਦੁਆਰੇ' [੨] ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥

[ਪੰਨਾ ੯੯੧]

ਉਪਰ ਲਿਖੇ ਦੋਵੇਂ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹਨ।

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।



Sri Satguru Jagjit Singh Ji eLibrary NamdhariElibrary@gmail.com

ਨਾ ਤਿਸੁ ਭੂਖ ਨ ਨੀਂਦ ਨਾ ਖਾਣਾ ਸੌਵਣਾ।

(ਭਾਈ ਗੁਰਦਾਸ ਦੀ ਵਾਰ ੩ ਪਉੜੀ ੧੮)

ਉਪਰ ਲਿਖਿਆ ਵਾਕ ਭਾਈ ਗੁਰਦਾਸ ਜੀ ਦਾ ਹੈ। ਜੀਵਨ ਅੰਦਰ ਕਰਨ ਵਾਲੇ ਕੰਮ ਐਸੇ ਬੇਅੰਤ ਹੁੰਦੇ ਹਨ ਕਿ ਕਰਨ ਵਾਲੇ ਨੂੰ ਇਕ ਪਲ ਵੀ ਵਿਹਲ ਨਹੀਂ ਮਿਲ ਸਕਦਾ। ਇਕ ਵਿਦਵਾਨ ਨੇ ਠੀਕ ਕਿਹਾ ਹੈ:

There is not a moment without a duty.

ਪਰ ਅਜਿਹਾ ਤਦੇ ਹੋ ਸਕਦਾ ਹੈ ਜੇ ਮਨੁੱਖ ਸਾਰੇ ਸੰਸਾਰ ਨੂੰ ਹੀ ਆਪਣਾ ਟੱਬਰ ਸਮਝੇ। ਇਕ ਟੱਬਰ ਇਹਨਾਂ ਤਿੰਨਾਂ ਗੁਣਾਂ ਨਾਲ ਚਲਾਇਆ ਜਾਂਦਾ ਹੈ—ਬੁੱਧੀ, ਅਣਖ ਤੇ ਧਰਮ। ਜਦੋਂ ਬੰਦਾ ਸਾਰੇ ਸੰਸਾਰ ਨੂੰ ਆਪਣਾ ਪਰਿਵਾਰ ਬਣਾ ਲਵੇ ਤਾਂ ਉਸ ਦਾ ਹਰ ਪਾਸੀਂ ਵਿਕਾਸ ਹੋ ਗਿਆ ਹੁੰਦਾ ਹੈ। ਫਿਰ ਉਸ ਨੂੰ ਸਭ ਲੋੜੀਂਦੇ ਕੰਮਾਂ ਨੂੰ ਕਰਨ ਦੀ ਇੱਛਿਆ ਪੈਦਾ ਹੋ ਜਾਂਦੀ ਹੈ। ਉਹਨਾਂ ਦੀ ਖ਼ਾਤਰ ਉਹ ਬੜੇ ਚਾਵਾਂ ਤੇ ਚਿੰਤਾਵਾਂ ਨਾਲ ਭੱਜਿਆ ਫਿਰਿਆ ਕਰਦਾ ਹੈ, ਨਾ ਭੁੱਖ ਦੀ ਪਰਵਾਹ ਕਰਦਾ ਹੈ ਤੇ ਨਾ ਤ੍ਰੇਹ ਦੀ।

ਭਾਰਤ ਦਾ ਰਚਨਾਤਮਿਕ ਢਾਂਚਾ ਪਰਜਾ-ਤੰਤਰ ਦਾ ਹੈ। ਜਿਹੜੇ ਬੰਦੇ ਚਾਹੁੰਦੇ ਹਨ ਭਾਰਤ ਵਿਚ ਪਰਜਾ-ਤੰਤਰ ਦਾ ਢਾਂਚਾ ਸਫ਼ਲ ਹੋਵੇ ਉਹਨਾਂ ਨੂੰ ਉਹਨਾਂ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਰੱਖਣਾ ਚਾਹੀਦਾ ਹੈ ਜਿਹੜੇ "ਸੇਵਕ ਕੀ ਓੜਕਿ ਨਿਬਹੀ ਪ੍ਰੀਤਿ" ਸ਼ਬਦ ਵਿਚ ਦਰਸਾਏ ਗਏ ਹਨ।

—ਭਗਤ ਪੂਰਨ ਸਿੰਘ

Sri Satguru Jagjit Singh Ji eLibrary NamdhariElibrary@gmail.com

# ਆਦਰਸ਼ਕ ਸੇਵਕ

"ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥

ਵਡਹੰਸ ਮਹਲਾ ੫ ॥ (ਪੰਨਾ ੫੭੮)

ਅਰਥਾਤ—"ਜੋ ਪੁਰਸ਼ ਸੇਵਾ ਕਰਦੇ ਵੀ ਰਾਮ ਨੂੰ ਹੀ ਲੱਭਦੇ ਹਨ ਉਹੋ ਅਸਲ ਸੇਵਕ ਹਨ।"

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥
੧ ॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ
ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥ ੧ ॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਹਾਊ ਕਉ
ਦਉਰਿਓ ॥ ੨ ॥ ਆਗਿਆ ਮਹਿ ਭੂਖ ਸੋਈ ਕਰਿ ਸੂਖਾ
ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ
ਕਾ ਸੋ ਮਾਥੈ ਲੇ ਮਾਨਿਓ ॥ ੩ ॥ ਭਇਓ ਕ੍ਰਿਪਾਲੁ ਠਾਕੁਰੁ
ਸੇਵਕ ਕਉ ਸਵਰੇ ਹਲਤ ਪਲਾਤਾ ॥ ਧੰਨੁ ਸੇਵਕੁ ਸਫਲੁ
ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥ ੪ ॥ ੫ ॥

[ਪੰਨਾ ੧੦੦੦]

ਅਰਥਾਤ—"ਸੇਵਕ ਆਪਣੇ ਮਨ ਅੰਦਰ ਮਾਨ, ਮੋਹ, ਲੋਭ ਤੇ ਹੋਰ ਵਿਕਾਰਾਂ ਨੂੰ ਦਾਖ਼ਲ ਨਹੀਂ ਹੋਣ ਦਿੰਦਾ। ਉਹ ਹਰੀ ਤੋਂ ਬਿਨਾਂ ਕਿਸੇ ਹੋਰ ਨੂੰ ਮਨ ਵਿਚ ਥਾਂ ਨਹੀਂ ਦਿੰਦਾ। ਉਹ ਕੇਵਲ ਹਰੀ ਨਾਮ ਅਤੇ ਹਰੀ ਦੇ ਗੁਣਾਂ ਰੂਪ ਰਤਨਾਂ ਦਾ ਖ਼ਰੀਦਾਰ ਹੈ ਤੇ ਇਹੋ ਸਮੱਗਰੀ ਲੱਦ ਕੇ ਲੈ ਚਲਿਆ ਹੈ, ਸੇਵਕ ਦੀ ਪ੍ਰੀਤਿ ਤੋੜ ਤੱਕ ਨਿਭ ਗਈ ਹੈ; ਸਾਰੀ ਉਮਰ ਉਸ ਨੇ ਸਾਹਿਬ ਦੀ ਸੇਵਾ ਕੀਤੀ ਹੈ ਤੇ ਸੰਸਾਰ ਤੋਂ ਜਾਣ ਵੇਲੇ ਭੀ ਸਾਹਿਬ ਨੂੰ ਹੀ ਦਿਲ ਵਿਚ ਰੱਖਿਆ ਹੈ। ਜੋ ਹੁਕਮ ਵੀ ਮਾਲਕ ਨੇ ਦਿੱਤਾ ਹੈ ਉਸ ਨੇ ਉਸ ਤੋਂ ਕਦੇ ਮੂੰਹ ਨਹੀਂ ਮੋੜਿਆ। ਜੇ ਮਾਲਕ ਨੇ ਘਰ ਰੱਖਿਆ ਤਾਂ ਓਥੇ ਹੀ ਪੂਰਨ ਅਨੰਦ ਜਾਤਾ ਹੈ ਅਤੇ ਜੇ ਉਸ ਆਖਿਆ 'ਉਠੋ' ਤਾਂ ਤੁਰੰਤ ਉਥੋਂ ਦੌੜ ਪਿਆ ਹੈ। ਜੇ



Sri Satguru Jagjit Singh Ji eLibrary NamdhariElibrary@gmail.com

ਉਸ ਦੇ ਹੁਕਮ ਵਿਚ ਭੁੱਖੇ ਰਹਿਣਾ ਪਿਆ ਹੈ ਤਾਂ ਇਸ ਨੂੰ ਸੁੱਖ ਸਮਝਿਆ ਹੈ, ਖ਼ੁਸ਼ੀ ਤੇ ਗ਼ਮੀ ਦੋਹਾਂ ਤੋਂ ਉਹ ਉਤੇ ਰਿਹਾ ਹੈ। ਜੋ ਵੀ ਹੁਕਮ ਉਸ ਨੂੰ ਸਾਹਿਬ ਵਲੋਂ ਆਇਆ ਹੈ ਉਸ ਨੇ ਖਿੜ੍ਹੇ ਮੱਥੇ ਪਰਵਾਨ ਕੀਤਾ ਹੈ; ਤਾਂ ਹੀ ਠਾਕੁਰ ਸੇਵਕ ਤੇ ਪ੍ਰਸੰਨ ਹੋਇਆ ਹੈ, ਸੇਵਕ ਦੇ ਲੋਕ ਤੇ ਪ੍ਰਲੋਕ ਸੰਵਰ ਗਏ ਹਨ, ਧੰਨ ਹੈ ਐਸਾ ਸੇਵਕ, ਤੇ ਸਫ਼ਲ ਹੈ ਉਸ ਦਾ ਸੰਸਾਰ ਵਿਚ ਆਵਣਾ ਜਿਸ ਨੇ ਆਪਣੇ ਮਾਲਕ ਨੂੰ ਪਛਾਣ ਲਿਆ ਹੈ।''

ਇਸ ਸ਼ਬਦ ਵਿਚ ਇਕ ਪੂਰਨ ਆਗਿਆਕਾਰੀ ਸੇਵਕ ਦੀ ਤਸਵੀਰ ਵਿਖਾਈ ਗਈ ਹੈ। ਕਈ ਹੋਰ ਸ਼ਬਦ ਵੀ ਮਿਲਦੇ ਹਨ ਜਿਨ੍ਹਾਂ ਵਿਚ ਸੇਵਾ ਤੇ ਬੜਾ ਜ਼ੋਰ ਦਿੱਤਾ ਗਿਆ ਹੁੰਦਾ ਹੈ। ਇਸੇ ਕਾਰਨ ਹੀ ਸਿੱਖ ਇਤਿਹਾਸ ਸੇਵਾ, ਉਪਕਾਰ ਤੇ ਕੁਰਬਾਨੀ ਦੇ ਅਦੁੱਤੀ ਕਾਰਨਾਮਿਆਂ ਨਾਲ ਭਰਿਆ ਪਿਆ ਹੈ।

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥
ਸਿਰੀ ਰਾਗ ਮਹਲਾ ੧ ॥ [ਪੰਨਾ ੨੬]

ਅਰਥਾਤ—ਇਸ ਦੁਨੀਆਂ ਅੰਦਰ ਜੇ ਸੇਵਾ ਕਰਦੇ ਰਹੀਏ, ਤਾਂ ਰੱਬ ਦੀ ਦਰਗਾਹ ਵਿਚ ਆਦਰ ਦੀ ਥਾਂ ਮਿਲਦੀ ਹੈ।

ਪਰ ਜਿਸ ਆਦਰਸ਼ਕ ਸੇਵਕ ਦਾ ਨਮੂਨਾ ਸ੍ਰੀ ਗੁਰੂ ਅਰਜਨ ਦੇਵ ਜੀ ਏਥੇ ਪੇਸ਼ ਕਰ ਰਹੇ ਹਨ ਉਹ ਇਤਨਾ ਖ਼ੂਬਸੂਰਤ ਤੇ ਮਹਾਨ ਹੈ ਕਿ ਅਜਿਹਾ ਸੇਵਕ ਉਹ ਆਪ ਹੀ ਹੋ ਸਕਦੇ ਹਨ। ਉਹਨਾਂ ਦਾ ਜੀਵਨ ਇਕ ਅਣਥੱਕ ਸੇਵਕ ਦਾ ਜੀਵਨ ਹੈ ਜੋ ਸਾਰੇ ਦਾ ਸਾਰਾ ਹੀ ਸੇਵਾ ਕਰਦਿਆਂ ਗੁਜ਼ਰਿਆ ਹੈ ਤੇ ਜਿਸ ਵਿਚ ਉਦਮ ਤੇ ਮਿਹਨਤ ਇਸ ਕਦਰ ਲਗਾਤਾਰ ਹੋਈ ਕਿ ਜੀਵਨ ਦਾ ਇਕ ਮਿੰਟ ਵੀ ਅਜਾਈਂ ਨਹੀਂ ਗਿਆ। ਸ੍ਰੀ ਹਰਿਮੰਦਰ ਸਾਹਿਬ, ਤਰਨ ਤਾਰਨ ਸਾਹਿਬ ਆਦਿ ਕਈ ਵੱਡੇ ਵੱਡੇ ਤੀਰਥ ਉਹਨਾਂ ਬਣਵਾਏ ਸਨ। ਭਾਈ ਗੁਰਦਾਸ ਜੀ ਦੀ ਸੇਵਾ ਪ੍ਰਾਪਤ ਕਰਕੇ ਕਈ ਸਾਲਾਂ ਦੀ ਘਾਲਣਾ ਨਾਲ ਗੁਰਬਾਣੀ ਨੂੰ ਜਥੇਬੰਦ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਧੀ ਸੀ। ਇਸ ਬੀੜ ਵਿਚ ਬਾਣੀ ਦੀ ਹਰ ਲਗ-ਮਾਤਰ ਨੂੰ ਚੰਗੀ ਤਰ੍ਹਾਂ ਸੋਧ ਕੇ ਨਿਯਮਾਂ ਤੇ ਰਾਗਾਂ ਅਨੁਸਾਰ ਚਾੜ੍ਹਿਆ ਸੀ। ਬਹੁਤ ਸਾਰੀ ਬਾਣੀ ਉਹਨਾਂ ਦੀ



Sri Satguru Jagjit Singh Ji eLibrary NamdhariElibrary@gmail.com

ਆਪਣੀ ਰਚਨਾ ਹੈ। ਫਿਰ ਉਹਨਾਂ ਨੇ ਕਈ ਬਾਉਲੀਆਂ ਬਣਵਾਈਆਂ, ਪਿੰਡ ਵਸਾਏ ਤੇ ਤਜ਼ਾਰਤ ਦੇ ਕੇਂਦਰ ਕਾਇਮ ਕੀਤੇ ਸਨ । ਥਾਂ-ਥਾਂ ਪ੍ਰਚਾਰ ਦੇ ਅੱਡੇ ਖੜ੍ਹੇ ਕਰਕੇ ਲਗਾਤਾਰ ਪ੍ਰਚਾਰ ਦੁਆਰਾ ਮਨੁੱਖੀ ਸਮਾਜ ਅੰਦਰ ਜਾਗ੍ਰਤੀ ਲਿਆਂਦੀ ਤੇ ਸਮਾਜ ਨੂੰ ਇਸ ਤਰ੍ਹਾਂ ਤਾਕਤ-ਵਰ ਬਣਾਇਆ।

ਸਾਡੇ ਆਪਣੇ ਦੇਸ਼ ਵਿਚ ਧਰਮ ਦੀ ਗ਼ਲਤ ਪ੍ਰਚਾਰੀ ਜਾਂਦੀ ਤਾਲੀਮ ਦਾ ਇਹ ਸਿੱਟਾ ਸੀ ਕਿ ਜੋ ਲੋਕ ਰੂਹਾਨੀ ਜੀਵਨ ਦੇ ਢੂੰਡਾਊ ਹੁੰਦੇ ਸਨ; ਉਹ ਜਗਤ ਦੀਆਂ ਜ਼ਿੰਮੇਵਾਰੀਆਂ ਨੂੰ ਕੁਝ ਘਟੀਆ ਜਿਹੀ ਚੀਜ਼ ਸਮਝ ਕੇ ਲਾਂਭੇ ਹੋ ਜਾਂਦੇ ਸਨ। ਉਹ ਕਹਿੰਦੇ ਸਨ ਕਿ ਦੁਨੀਆਂ ਤਾਂ ਦੁੱਖਾਂ ਦਾ ਚਿੱਕੜ ਹੈ । ਜੋ ਇਸ ਵਿਚ ਪੈਂਦਾ ਹੈ ਉਹ ਆਪਣੇ ਆਪ ਨੂੰ ਬਰਬਾਦੀ ਦੇ ਰਾਹ ਤੇ ਤੋਰਦਾ ਹੈ। ਉਨ੍ਹਾਂ ਦਾ ਖ਼ਿਆਲ ਸੀ ਕਿ ਆਪਣੀ ਕਲਿਆਣ ਲਈ ਕੀਤੇ ਜਪ, ਤਪ ਆਦਿਕ ਸਾਧਨ ਪਹਾੜਾਂ, ਜੰਗਲਾਂ ਤੇ ਕੰਦਰਾਂ ਆਦਿਕ ਥਾਂਵਾਂ ਤੇ ਲਾਂਭੇ ਰਹਿ ਕੇ ਹੀ ਨੇਪਰੇ ਚੜ੍ਹਦੇ ਹਨ ਅਤੇ ਸਫ਼ਲ ਜੀਵਨ ਦਾ ਸਭ ਤੋਂ ਚੰਗਾ ਰਾਹ ਇਹੋ ਹੀ ਹੈ, ਬਾਕੀ ਸਭ ਹਨੇਰਾ ਤੇ ਭੁਲੇਖਾ ਹੈ। ਗੁਰੂ ਸਾਹਿਬ ਇਸ ਤਾਲੀਮ ਨੂੰ ਮੂਲੋਂ ਹੀ ਗ਼ਲਤ ਸਮਝਦੇ ਸਨ। ਉਹਨਾਂ ਦੀ ਨਜ਼ਰ ਵਿਚ ਇਹ ਇਕ ਤਰ੍ਹਾਂ ਦੀ ਖ਼ੁਦਗਰਜ਼ੀ ਸੀ, ਭਾਵੇਂ ਨਵੀਂ ਤਰ੍ਹਾਂ ਦੀ ਖ਼ੁਦਗਰਜ਼ੀ ਨਹੀਂ ਸੀ, ਕਿ ਮਨੁੱਖ ਕੇਵਲ ਆਪਣੀ ਉੱਨਤੀ ਦੇ ਫ਼ਿਕਰ ਵਿਚ ਦੁਨੀਆਂ ਅੰਦਰ ਵਰਤ ਰਹੇ ਹਾਲਾਤ ਤੇ ਇਸ ਵਿਚ ਕਈ ਤਰ੍ਹਾਂ ਦੇ ਹੋ ਰਹੇ ਧੱਕੇ ਤੇ ਜ਼ੋਰ ਜ਼ੁਲਮ ਵੇਖਦਾ ਹੋਇਆ ਉਹਨਾਂ ਵਲੋਂ ਅੱਖਾਂ ਮੀਟ ਲਵੇ। ਇਹ ਗੱਲ ਸਮਝ ਵਿਚ ਨਹੀਂ ਆਉਂਦੀ ਸੀ, ਕਿ ਇਸ ਤਰ੍ਹਾਂ ਦਾ ਕੋਈ ਮਨੁੱਖ ਕਦੇ ਸਹੀ ਅਰਥਾਂ ਵਿਚ ਆਤਮਿਕ ਉੱਨਤੀ ਕਰ ਵੀ ਸਕਦਾ ਹੈ ? ਉਹ ਪੁਰਸ਼ ਤਾਂ ਨਿਰਾ ਠਰਿਆ ਹੋਇਆ ਹੈ ਤੇ ਨਿਰਜਿੰਦ ਹੈ, ਜੋ ਦੂਜਿਆਂ ਦੀ ਪੀੜ ਆਪਣੀ ਪੀੜ ਨਹੀਂ ਸਮਝਦਾ। ਇਹ ਗੱਲ ਅਜੇ ਸਮਝ ਵਿਚ ਆ ਸਕਦੀ ਹੈ ਤੇ ਕਿਸੇ ਹੱਦ ਤੱਕ ਸ਼ਾਇਦ ਜ਼ਰੂਰੀ ਵੀ ਹੈ ਕਿ ਆਤਮ-ਬਲ ਪ੍ਰਾਪਤ ਕਰਨ ਲਈ ਜਾਂ ਆਪਣੇ ਮਨ ਦੀ ਸ਼ਾਂਤੀ, ਸੁੱਖ ਤੇ ਕਲਿਆਣ ਲਈ ਕੁਝ ਸਮੇਂ ਲਈ ਕੋਈ ਲਾਂਭੇ ਹੋ ਕੇ

Sri Satguru Jagjit Singh Ji eLibrary NamdhariElibrary@gmail.com

ਜਪ, ਤਪ ਦੀ ਸਾਧਨਾ ਕਰੇ। ਪਰ ਇਸ ਜਪ ਤਪ ਦਾ ਅਵੱਸ਼ ਸਿੱਟਾ ਸੇਵਾ ਵਿਚ ਨਿਕਲਣਾ ਚਾਹੀਦਾ ਹੈ।

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥

ਵਾਰ ਆਸਾ ਮਹਲਾ ੫ ॥ (ਪੰਨਾ-੩੮੧)

ਅਰਥਾਤ—ਜੋ ਪਹਿਲਾਂ ਆਪਣੇ ਮਨ ਨੂੰ ਸਮਝਾਉਂਦਾ ਹੈ ਉਹ ਇਸ ਗੱਲ ਦੇ ਯੋਗ ਹੋ ਜਾਂਦਾ ਹੈ ਕਿ ਉਹ ਦੂਜਿਆਂ ਨੂੰ ਸਮਝੇ ਤੇ ਉਹਨਾਂ ਦੀ ਤਸੱਲੀ ਕਰੇ।

ਪਰ ਦੁਨੀਆਂ ਤੋਂ ਹਟ ਜਾਣ ਨੂੰ ਬਾਕਾਇਦਾ ਤੇ ਹਰ ਸਮੇਂ ਲਈ ਇਕ ਅਟੱਲ ਧਾਰਮਿਕ ਨਿਸ਼ਚਾ ਬਣਾ ਲੈਣਾ ਤੇ ਸੇਵਾ ਦੇ ਮੈਦਾਨ ਆਣਾ ਹੀ ਨਾ, ਇਕ ਬੁਨਿਆਦੀ ਭੁਲੇਖਾ ਹੈ। ਸਹੀ ਅਰਥਾਂ ਵਿਚ ਧਾਰਮਿਕ ਉਹੋ ਹੁੰਦਾ ਹੈ ਅਤੇ ਉਸੇ ਦੀ ਆਤਮਾ ਪ੍ਰਫੁੱਲਤ ਹੁੰਦੀ ਹੈ ਜੋ ਸੇਵਾ ਦੇ ਮੈਦਾਨ ਵਿਚ ਆਉਂਦਾ ਹੈ। ਆਤਮਿਕ ਜੀਵਨ ਦੀ ਪਕਿਆਈ, ਪਰਖ ਤੇ ਸੋਧ ਲਈ ਦੁਨੀਆਂ ਦੇ ਸੇਵਾ ਖੇਤਰ ਵਿਚ ਆਉਣਾ ਜ਼ਰੂਰੀ ਹੈ ਤੇ ਭਾਵੇਂ ਇਹ ਉਪਕਾਰ ਵੀ ਹੈ ਪਰ ਆਪਣੀ ਉੱਨਤੀ ਲਈ ਵੀ ਇਹ ਜ਼ਰੂਰੀ ਹੈ। ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਦੇਸ਼ ਦੇ ਨੇਤਾਵਾਂ ਨੂੰ ਉਹਨਾਂ ਦੇ ਟਿਕਾਣਿਆਂ ਤੇ ਲੱਭ ਲੱਭ ਕੇ ਮਿਲੇ ਤੇ ਉਹਨਾਂ ਨੂੰ ਸਮਝਾਇਆ ਕਿ ਤਿਆਗ ਦੀ ਇਹ ਵਿਚਾਰਧਾਰਾ ਠੀਕ ਨਹੀਂ। ਸੁਮੇਰ ਪਰਬਤ ਤੇ ਸਿੱਧਾਂ ਨਾਲ ਹੋਈ ਗੋਸ਼ਟੀ ਸਮੇਂ ਉਹਨਾਂ ਦੇ ਦਿਲ ਦੀ ਤੜਪ ਇਉਂ ਪ੍ਰਗਟ ਹੋਈ।

ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ ॥
ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਏ ਛਾਰਾ ॥
ਬਾਝੁ ਗੁਰੂ ਡੁਬਾ ਜਗੁ ਸਾਰਾ ॥੨੯॥੧॥

(ਵਾਰ ਭਾਈ ਗੁਰਦਾਸ ਜੀ)

ਅਰਥਾਤ—ਜਦ ਸਿੱਧ ਲੋਕ (ਕਮਾਈ ਵਾਲੇ ਲੋਕ) ਪਰਬਤ ਵਿਚ ਲੁਕੇ ਬੈਠੇ ਤਾਂ ਜਗਤ ਦਾ ਬਚਾਉ ਕਿਵੇਂ ਹੋਵੇਗਾ? ਇਹ ਅਖੌਤੀ ਗਿਆਨੀ ਪੁਰਸ਼ ਅਸਲ ਗਿਆਨ ਤੋਂ ਸੱਖਣੇ ਹਨ ਤੇ ਦਿਨ ਰਾਤ ਸਰੀਰ ਤੇ ਸੁਆਹ ਮਲੀ ਫਿਰਦੇ ਹਨ (ਇਸੇ ਨੂੰ ਧਰਮ ਸਮਝੀ ਬੈਠੇ ਹਨ)। ਨਿਰਸੰਦੇਹ, ਗੁਰੂ (ਸਹੀ ਆਗੂ) ਤੋਂ ਬਿਨਾਂ ਜਗਤ ਡੁੱਬ ਰਿਹਾ ਹੈ।


Sri Satguru Jagjit Singh Ji eLibrary NamdhariElibrary@gmail.com

ਗੁਰੂ ਸਾਹਿਬ ਦੀ ਨਜ਼ਰ ਵਿਚ ਧਰਮੀ ਉਹ ਹੈ :

'ਆਪਿ ਜਪੈ ਅਵਰਹ ਨਾਮੁ ਜਪਾਵੈ ॥' ਸਾਰਗ ਮ: ੫ ॥ ਪੰ: ੧੨੦੬

ਉਹ ਖੁਦ ਆਪ ਸਭ ਜਗਤ ਦੀ ਤੜਪ ਆਪਣੇ ਦਿਲ ਅੰਦਰ ਲਈ ਬੈਠੇ ਸਨ ਕਿਉਂਕਿ ਸਾਰਾ ਸੰਸਾਰ ਉਹਨਾਂ ਨੂੰ ਆਪਣਾ ਹੋ ਕੇ ਦਿਸਦਾ ਸੀ । ਘਰ ਬਾਹਰ ਤਿਆਗ ਕੇ ਉਹ ਦੇਸ਼ ਪ੍ਰਦੇਸ਼ ਪੈਦਲ ਚੱਲ ਕੇ ਗਏ ਸਨ । ਜ਼ਾਲਮਾਂ, ਮੁਤਅੱਸਬ ਪੁਰਸ਼ਾਂ, ਠੱਗਾਂ, ਪੰਡਤਾਂ, ਜੋਗੀਆਂ, ਵਿਦਵਾਨਾਂ ਸਭ ਨੂੰ ਮਿਲ ਕੇ ਸਹੀ ਰਾਹ ਵਿਖਾਇਆ ਸੀ । ਥਾਂ ਥਾ ਬਣੀਆਂ ਗੱਦੀਆਂ ਤੇ ਅੱਡੇ ਉਹਨਾਂ ਢਾਹੇ ਅਤੇ ਭਾਰੀਆਂ ਵਿਰੋਧਤਾਈਆਂ ਦੇ ਟਾਕਰੇ ਕੀਤੇ ਸਨ। ਬਗ਼ਦਾਦ ਦੇ ਵੱਡੇ ਪੀਰ ਨੇ ਉਨ੍ਹਾਂ ਨੂੰ ਸੰਗਸਾਰ [ਪੱਥਰਾਂ ਨਾਲ ਮਾਰੇ ਜਾਣ] ਕੀਤੇ ਜਾਣ ਦਾ ਫ਼ਤਵਾ ਵੀ ਦਿੱਤਾ ਸੀ, ਪਰ ਉਹ ਸਭ ਔਕੜਾਂ ਦੇ ਬਾਵਜੂਦ ਘਰ ਕਿਵੇਂ ਬੈਠ ਸਕਦੇ ਸਨ, ਜਦ ਸਾਰੀ ਦੁਨੀਆਂ ਉਹਨਾਂ ਦਾ ਘਰ ਹੋ ਗਿਆ ਸੀ। ਜਿੰਨਾ ਚਿਰ ਦੁਨੀਆਂ ਵਿਚ ਗ਼ਰੀਬੀ, ਬੀਮਾਰੀ, ਦੁੱਖ, ਰਾਜਸੀ ਧੱਕੇ, ਨਸਲੀ ਤੇ ਸਮਾਜਿਕ ਵਿਤਕਰੇ ਮੌਜੂਦ ਹਨ, ਕੋਈ ਨੇਕ ਤੇ ਸੱਚਾ ਮਨੁੱਖ ਚੈਨ ਨਾਲ ਕਿਵੇਂ ਬੈਠ ਸਕਦਾ? ਥੋਰੋ ਇਕ ਅਮਰੀਕਨ ਮਹਾਂਪੁਰਸ਼ ਹੋਇਆ ਹੈ ਜਿਸ ਨੂੰ ਸਰਕਾਰੀ ਟੈਕਸਾਂ ਵਿਰੁੱਧ ਆਵਾਜ਼ ਉਠਾਣ ਦੇ ਕਾਰਣ ਜੇਲ੍ਹ ਵਿਚ ਸੁੱਟਿਆ ਗਿਆ ਸੀ । ਉਸ ਦਾ ਇਕ ਦੋਸਤ ਉਸ ਨੂੰ ਜੇਲ੍ਹ ਵਿਚ ਵੇਖ ਕੇ ਹੈਰਾਨ ਹੋ ਗਿਆ ਤੇ ਪੁੱਛਣ ਲੱਗਾ, 'ਥੋਰੋ', ਤੂੰ ਜੇਲ੍ਹ ਵਿਚ ਕਿਉਂ ਹੈ?' ਥੋਰੋ ਨੇ ਉੱਤਰ ਦਿੱਤਾ 'ਭਰਾਵਾ ਤੂੰ ਜੇਹਲੋਂ ਬਾਹਰ ਕਿਉਂ ਹੈ? ਥੋਰੋ ਦਾ ਮਤਲਬ ਇਹ ਸੀ ਕਿ ਜ਼ੋਰ ਜ਼ੁਲਮ ਦੀ ਮੌਜੂਦਗੀ ਵਿਚ ਕੋਈ ਨੇਕ ਆਦਮੀ ਚੁੱਪ ਕਿਵੇਂ ਰਹਿ ਸਕਦਾ ਹੈ? ਜੋ ਮਨੁੱਖ ਰੱਬ ਦੀ ਹਜ਼ੂਰੀ ਵਿਚ ਰਹਿਣਾ ਚਾਹੁੰਦਾ ਹੈ ਉਸ ਨੂੰ ਪਤਾ ਹੈ ਕਿ ਉਸ ਦਾ ਰੱਬ ਹਰ ਮਨੁੱਖ ਮਾਤਰ ਦੇ ਅੰਦਰ ਵੱਸਦਾ ਹੈ, ਉਸ ਲਈ ਫਿਰ ਰੱਬ ਦੀ ਪੂਜਾ ਤੇ ਰੱਬ ਦੀ ਸੇਵਾ, ਮਨੁੱਖ ਮਾਤਰ ਦੀ ਪੂਜਾ ਹੋ ਜਾਂਦੀ ਹੈ। ਜੋ ਲੋਕ ਮੂੰਹੋਂ ਤਾਂ ਰੱਬ ਰੱਬ ਕਰੀ ਜਾਂਦੇ ਹਨ ਪਰ ਰੱਬ ਦੇ ਬੰਦਿਆਂ ਦੀ ਸੇਵਾ ਨੂੰ ਜ਼ਰੂਰੀ ਨਹੀਂ ਸਮਝਦੇ ਉਹਨਾਂ ਦੀ ਸਹੀ ਸੋਚਣੀ ਹੀ ਗ਼ਲਤ ਹੈ ਤੇ ਉਹਨਾਂ ਦਾ ਰੱਬ ਰੱਬ ਕੂਕਣਾ ਵੀ ਬੇ-ਅਰਥ ਹੈ। ਉਹਨਾਂ ਅੰਦਰ ਅਣਦਿਸੇ ਰੱਬ ਦਾ ਪਿਆਰ ਕਿਵੇਂ ਉਤਪੰਨ ਹੋ ਸਕਦਾ

Sri Satguru Jagjit Singh Ji eLibrary NamdhariElibrary@gmail.com

ਹੈ ਜੇ ਉਹ ਦਿਸਦੇ ਉਹਦੇ ਬੰਦਿਆਂ ਨੂੰ ਪਿਆਰ ਨਹੀਂ ਕਰਦੇ ? ਜਿਨ੍ਹਾਂ ਬੰਦਿਆਂ ਨੂੰ ਉਹ ਰੋਜ਼ ਵੇਖਦੇ ਹਨ, ਉਹਨਾਂ ਅੰਦਰ ਵੱਸਦੇ ਰੱਬ ਨੂੰ ਵੀ ਉਹ ਹਰ ਸਮੇਂ ਵੇਖ ਸਕਦੇ ਹਨ, ਉਹਨਾਂ ਦੀ ਸੁਰਤੀ ਠੀਕ ਹੋਵੇ।

ਇਸ ਵਿਚਾਰ ਦਾ ਨਿਚੋੜ ਇਹ ਹੈ ਕਿ ਧਾਰਮਿਕ ਜੀਵਨ ਲਈ ਸੇਵਾ ਜ਼ਰੂਰੀ ਹੈ ਪਰ ਮੁੱਖ ਗੱਲ ਹੈ ਧਾਰਮਿਕ ਜੀਵਨ। ਇਹੋ ਕਾਰਨ ਹੈ ਕਿ ਮਹਾਰਾਜ ਸੇਵਾ ਤੇ ਏਨਾ ਜ਼ੋਰ ਦੇ ਕੇ ਵੀ ਉਸ ਸੇਵਾ ਦਾ ਕੋਈ ਮੁੱਲ ਨਹੀਂ ਸਮਝਦੇ ਜਿਸ ਦੀ ਬੁਨਿਆਦ ਅੰਦਰੂਨੀ ਧਾਰਮਿਕ ਜੀਵਨ ਨਹੀਂ ਜਾਂ ਜੋ ਉਸ ਜੀਵਨ ਦੀ ਸੂਚਕ ਨਹੀਂ। ਸੇਵਕ ਦੀ ਵਿਆਖਿਆ ਇਉਂ ਕਰਦੇ ਹਨ :—

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥

ਵਾਰ ਆਸਾ ਮਹਲਾ ੧॥ [ਪੰਨਾ ੪੬੭]

ਅਰਥਾਤ—ਸੇਵਾ, ਸੰਤੋਖੀ ਪੁਰਸ਼ ਹੀ ਕਰ ਸਕਦੇ ਹਨ ਜਿਨ੍ਹਾਂ ਕੇਵਲ ਸੱਚ ਨੂੰ ਹੀ ਧਿਆਇਆ ਹੈ, ਉਹ ਮੰਦੇ ਕੰਮਾਂ ਵਿਚ ਕਦੇ ਪੈਰ ਨਹੀਂ ਪਾਂਦੇ ਤੇ ਨੇਕ ਕਰਨੀ ਨਾਲ ਹੀ ਧਰਮ ਦੀ ਪਾਲਣਾ ਕਰਦੇ ਹਨ। ਉਹਨਾਂ ਦੁਨੀਆਂ ਦੀਆਂ ਸਭ ਬੰਧਨਾਂ ਤੋੜ ਸੁੱਟੀਆਂ ਹਨ। ਉਹਨਾਂ ਦਾ ਖਾਣ-ਪੀਣ ਵਿਚ ਹੀ ਸੰਤੋਖ ਹੈ, ਪਰ ਵਿਖਾਲੇ ਦੀ ਸੇਵਾ ਦਾ ਉਹ ਕੋਈ ਮੁੱਲ ਨਹੀਂ ਪਾਂਦੇ।

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥
ਜਿਨ੍ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ॥

ਸਿਰੀ ਰਾਗ ਮਹਲਾ ੩॥ [ਪੰਨਾ ੨੮]

ਅਰਥਾਤ—ਵੇਖੋ ਵੇਖੀ ਤਾਂ ਸਾਰੇ ਸੇਵਾ ਕਰ ਲੈਂਦੇ ਹਨ, ਪਰ ਮਨਮੁੱਖਾਂ ਨੂੰ ਅਸਲ ਸੇਵਾ ਦੀ ਸਾਰ ਹੀ ਨਹੀਂ ਹੁੰਦੀ। ਕੇਵਲ ਉਹਨਾਂ ਗੁਰਮੁਖਾਂ ਦੀ ਸੇਵਾ ਸਫ਼ਲ ਹੁੰਦੀ ਹੈ ਜਿਨ੍ਹਾਂ ਦਾ ਮਨ ਪਵਿੱਤਰ ਹੈ।

ਇਸ ਨੂੰ ਹੋਰ ਸਪੱਸ਼ਟ ਕਰਦੇ ਹਨ :—

ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥

ਵਡਹੰਸ ਮਹਲਾ ੩॥ [੫੬੦]



Sri Satguru Jagjit Singh Ji eLibrary NamdhariElibrary@gmail.com

ਅਰਥਾਤ—ਹਉਮੈ ਅੰਦਰ ਕੀਤੀ ਸੇਵਾ ਕੋਈ ਸੇਵਾ ਨਹੀਂ। ਇਸ ਸੇਵਾ ਨਾਲ ਸਗੋਂ ਮਨ ਕੋਰਾ ਰਹਿੰਦਾ ਹੈ। ਇਸ ਲਈ,

ਸੇਵਾ ਕਰਤ ਹੋਇ ਨਿਹਕਾਮੀ ॥
ਤਿਸੁ ਕਉ ਹੋਤ ਪਰਾਪਤਿ ਸੁਆਮੀ ॥
ਗਉੜੀ ਸੁਖਮਨੀ ਮਹਲਾ ੫ ॥ [ਪੰਨਾ ੨੮੬]

ਅਰਥਾਤ – ਜੋ ਪੁਰਸ਼ ਸੇਵਾ ਕਰਦਾ ਨਿਸ਼ਕਾਮ ਹੋ ਜਾਂਦਾ ਹੈ ਉਸ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।

ਭਾਵ ਇਹ ਹੈ ਕਿ ਸੇਵਾ ਸਫ਼ਲ ਤਾਂ ਹੀ ਹੈ ਅਤੇ ਉਸ ਵਿਚ ਬਰਕਤ ਵੀ ਤਾਂ ਹੀ ਪੈਂਦੀ ਹੈ ਜੇ ਸੇਵਕ ਦਾ ਆਪਣਾ ਜੀਵਨ ਪਵਿੱਤਰ ਹੋਵੇ। ਕੇਵਲ ਪਵਿੱਤਰ ਜੀਵਨ ਵਿਚੋਂ ਸ਼ਕਤੀ ਨਿਕਲਦੀ ਹੈ ਤੇ ਸੇਵਾ ਫਲਦੀ ਹੈ। ਕੀ ਅਸੀਂ ਵੇਖਦੇ ਨਹੀਂ ਹਾਂ ਕਿ ਧਾਰਮਿਕ ਸਭਾਵਾਂ ਤੇ ਪੰਥਕ ਆਸ਼ਰਮਾਂ ਅੰਦਰ ਹਜ਼ਾਰਾਂ ਦੀ ਗਿਣਤੀ ਵਿਚ ਸੇਵਕ ਕੰਮ ਕਰਦੇ ਦਿਸਦੇ ਵੀ ਹਨ ਪਰ ਫਿਰ ਵੀ ਨਤੀਜੇ ਉਹ ਨਹੀਂ ਨਿਕਲਦ ਜੋ ਨਿਕਲਣੇ ਚਾਹੀਦੇ ਹਨ? ਸਪੱਸ਼ਟ ਹੈ ਕਿ ਚੌਧਰ ਜਾਂ ਨਿੱਜੀ ਤੇ ਦੁਨਿਆਵੀ ਲਾਭਾਂ ਲਈ ਕੀਤੀ ਸੇਵਾ ਦਾ ਕੋਈ ਮੁੱਲ ਨਹੀਂ।

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥
ਗੂਜਰੀ ਮਹਲਾ ੫ ॥ [ਪੰਨਾ ੪੯੫]

ਅਰਥਾਤ—ਕਰੋੜਾਂ ਵਿਚ ਅਸਲ ਸੇਵਕ ਕੋਈ ਵਿਰਲਾ ਹੀ ਹੁੰਦਾ ਹੈ ਬਾਕੀ ਸਭ ਆਪਣੀਆਂ ਗਰਜ਼ਾਂ ਦਾ ਸੌਦਾ ਕਰ ਰਹੇ ਹੁੰਦੇ ਹਨ।

ਸਮਝਣਾ ਸਗੋਂ ਇਹ ਚਾਹੀਦਾ ਹੈ ਕਿ ਸੇਵਾ ਜ਼ਿੰਮੇਵਾਰੀ ਹੈ ਤੇ ਪੰਡ ਚੁੱਕਣਾ ਹੈ, ਇਹ ਚੌਧਰ ਲਈਂ ਨਹੀਂ। ਜਿਵੇਂ ਤਕੜਾ ਢੱਗਾ ਹੀ ਮੋਹਰੇ ਕੀਤਾ ਜਾਂਦਾ ਹੈ ਤਿਵੇਂ ਅੰਦਰੂਨੀ ਸ਼ਕਤੀ ਵਾਲੇ ਹੀ ਸੇਵਾ ਦਾ ਅਸਲ ਮਨੋਰਥ ਪੂਰਾ ਕਰਦੇ ਹਨ।

ਦਸਮੇਸ਼ ਜੀ ਨੇ ਇਕ ਵਾਰ ਜਲ ਦਾ ਗੜਵਾ ਮੰਗਵਾ ਕੇ ਉਸ ਵਿਚ ਪੱਥਰ, ਢੀਮ ਤੇ ਪਤਾਸੇ ਪਾਏ। ਉਹਨਾਂ ਦਾ ਭਾਵ ਅਸਲੀ ਤੇ ਨਕਲੀ ਸੇਵਕਾਂ ਵਿਚ ਫ਼ਰਕ ਵਿਖਾਣਾ ਸੀ। ਉਹ ਦੱਸਣਾ ਚਾਹੁੰਦੇ ਸਨ ਕਿ ਅਸਲ ਸੇਵਕ ਉਹ ਹੈ ਜੋ ਪਤਾਸਿਆਂ ਵਾਂਙ ਆਪਣੇ ਆਪ ਨੂੰ ਸੇਵਾ



Sri Satguru Jagjit Singh Ji eLibrary NamdhariElibrary@gmail.com

ਵਿਚ ਖ਼ਤਮ ਕਰ ਦਿੰਦਾ ਹੈ। ਨਿਸ਼ਕਾਮੀ ਸੇਵਕ ਮਿੱਟੀ ਵਾਂਙ ਹੁੰਦਾ ਹੈ, ਜੋ ਵੱਖਰਾ ਵੀ ਹੈ ਤੇ ਵਿਚ ਵੀ ਹੈ। ਉਸ ਦਾ ਮਨ ਦੁਚਿੱਤਾ ਹੈ, ਇਸ ਲਈ ਇਹ ਸਫਲ ਸੇਵਾ ਨਹੀਂ, ਇਕ ਸੇਵਕ ਵਿਖਾਵੇ ਜਾਂ ਨਿਰੀਆਂ ਨਿੱਜੀ ਗ਼ਰਜ਼ਾਂ ਵਾਲੇ ਵੀ ਹੁੰਦੇ ਹਨ ਜੋ ਪੱਥਰ ਵਾਂਙ ਅਭਿੱਜ ਰਹਿੰਦੇ ਹਨ।

ਆਰੰਭ ਦੇ ਸ਼ਬਦ ਵਿਚ ਮਹਾਰਾਜ ਜਿਸ ਆਦਰਸ਼ਕ ਸੇਵਕ ਦਾ ਜ਼ਿਕਰ ਕਰ ਰਹੇ ਹਨ ਉਹ ਸੇਵਕ ਇਸ ਲਈ ਆਦਰਸ਼ਕ ਹੈ ਕਿ ਉਹ ਭਗਤ ਵੀ ਹੈ ਤੇ ਗਿਆਨੀ ਵੀ ਹੈ। ਉਸ ਨੇ ਖਸਮ ਨੂੰ ਪਛਾਤਾ ਹੈ ਤੇ ਉਸ ਖਸਮ ਦੀ ਆਗਿਆ ਵਿਚ ਹੀ ਰਹਿੰਦਾ ਹੈ। ਇਸ ਲਈ ਐਸੇ ਹੀ ਸੇਵਕ ਦੀ ਇਕ ਨਿਸ਼ਾਨੀ ਇਹ ਹੈ:

ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥
ਗਉੜੀ ਸੁਖਮਨੀ ਮਹਲਾ ੫ ॥ [ਪੰਨਾ ੨੮੫]

ਅਰਥਾਤ -ਵਾਹਿਗੁਰੂ ਦਾ ਸੇਵਕ ਉਹ ਹੈ ਜੋ ਨਾਮ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ।

ਅਪਨੇ ਸੇਵਕ ਕਉ ਨਾਮੁ ਜਪਾਈ ॥
ਗਉੜੀ ਸੁਖਮਨੀ ਮਹਲਾ ੫ ॥ [ਪੰਨਾ ੨੮੫]

ਅਰਥਾਤ—ਵਾਹਿਗੁਰੂ ਆਪਣੇ ਸੇਵਕਾਂ ਤੋਂ ਨਾਮ ਦਾ ਜੱਪਣ ਕਰਵਾਂਦਾ ਹੈ।

ਉਸ ਦੀ ਦੂਜੀ ਨਿਸ਼ਾਨੀ ਇਹ ਹੈ ਕਿ ਉਹ ਗਿਆਨਵਾਨ ਹੈ:

ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥
ਗਉੜੀ ਸੁਖਮਨੀ ਮਹਲਾ ੫ ॥ [ਪੰਨਾ ੨੭੩]

ਅਰਥਾਤ—ਜਿਸ ਸੇਵਕ ਨੇ ਬ੍ਰਹਮ ਨੂੰ ਪਛਾਣਿਆ ਹੈ ਉਸ ਦਾ ਭੋਜਨ ਗਿਆਨ ਹੈ।

ਉਹ ਸੰਤ ਤੇ ਸਿਪਾਹੀ [ਸੇਵਕ] ਤੇ ਬ੍ਰਹਮ ਗਿਆਨੀ ਇਕੋ ਵੇਲੇ ਹੈ। ਉਸ ਨੇ ਪਹਿਲਾਂ ਬ੍ਰਹਮ ਨੂੰ ਪਛਾਣਿਆ ਹੈ; ਫਿਰ ਉਸ ਨੂੰ ਆਪਣੇ ਅੰਦਰ ਸਹੀ ਤੇ ਪ੍ਰਗਟ ਕੀਤਾ ਹੈ ਤੇ ਪਿੱਛੋਂ ਸੇਵਕ ਹੋ ਕੇ ਦੂਜਿਆਂ ਨੂੰ



Sri Satguru Jagjit Singh Ji eLibrary NamdhariElibrary@gmail.com

ਰਾਹ ਵਿਖਾਇਆ ਹੈ। ਰੂਹਾਨੀ ਜੀਵਨ ਦੀ ਮਸ਼ਕ ਕਰਕੇ ਪਹਿਲਾਂ ਉਸ ਨੇ ਆਪਣੀ ਅੰਦਰੂਨੀ ਸ਼ਕਤੀ ਵਧਾਈ ਹੈ। ਅਜਿਹੇ ਗਿਆਨੀ ਸੇਵਕ ਦੀ ਵਿਆਖਿਆ ਇਉਂ ਕਰਦੇ ਹਨ।

ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ
ਬੂਝੈ ਸੋਇ ॥ ਗੁਰ ਪਰਸਾਦਿ ਕਰੇ ਬੀਚਾਰੁ ॥ ਸੋ
ਗਿਆਨੀ ਦਰਗਹ ਪਰਵਾਣੁ ॥

ਸਿਰੀ ਰਾਗ ਮਹਲਾ ੧ ॥ (ਪੰਨਾ ੨੫)

ਅਰਥਾਤ—ਨਾਨਕ ਪੁੱਛਦਾ ਹੈ, ਗਿਆਨੀ ਕੌਣ ਹੈ, ਉੱਤਰ ਇਹ ਹੈ: ਜੋ ਆਪੇ ਨੂੰ ਪਛਾਣਦਾ ਹੈ ਤੇ ਇਸ ਤਰ੍ਹਾਂ ਉਸ ਵਾਹਿਗੁਰੂ ਨੂੰ ਪਛਾਣ ਲੈਂਦਾ ਹੈ; ਜੋ ਪੁਰਸ਼ ਗੁਰੂ ਦੀ ਕਿਰਪਾ ਨਾਲ ਗੁਰੂ ਦੀ ਦਰ-ਗਾਹ ਵਿਚ ਪਰਵਾਨ ਚੜ੍ਹਦਾ ਹੈ।

ਕਈ ਧਰਮ ਫ਼ਿਲਾਸਫ਼ੀਆਂ ਨੇ ਨਿਰਾ ਕਰਮਾਂ ਤੇ ਜ਼ੋਰ ਦਿੱਤਾ ਹੈ ਤੇ ਕਈਆਂ ਨੇ ਨਿਰੀ ਭਗਤੀ ਹੀ ਪ੍ਰਧਾਨ ਸਮਝੀ ਹੈ ਤੇ ਕਈ ਹੋਰਨਾਂ ਨੇ ਨਿਰਾ ਗਿਆਨ ਨੂੰ ਹੀ ਸਭ ਕੁਝ ਸਮਝ ਲਿਆ ਹੈ ਤੇ ਕਰਮ, ਭਗਤੀ ਤੇ ਗਿਆਨ ਇਹ ਤਿੰਨ ਪਰਮਾਰਥ ਦੇ ਅੱਡ ਅੱਡ ਰਾਹ ਮਿਥੇ ਗਏ ਹਨ। ਪਰ ਗੁਰਮਤਿ ਅਨੁਸਾਰ ਇਹ ਤਿੰਨੇ ਇਕੱਠੇ ਹੀ ਜਾਂਦੇ ਹਨ। ਕਰਮ, ਭਗਤੀ ਤੇ ਗਿਆਨ, ਤਿੰਨੇ ਇਕ ਦੂਜੇ ਦੇ ਸਹਾਇਕ ਹੋਣੇ ਚਾਹੀਦੇ ਹਨ ਤੇ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਦੀ ਥੁੜ੍ਹ ਸਾਰੀ ਸ਼ਖ਼ਸੀਅਤ ਨੂੰ ਅਧੂਰਾ ਕਰਕੇ ਰੱਖ ਦਿੰਦੀ ਤੇ ਉਨਤੀ ਰੋਕ ਦਿੰਦੀ ਹੈ, ਏਥੇ ਸੇਵਕ ਉਹ ਹੈ ਜੋ ਭਗਤ ਹੈ ਅਤੇ ਬ੍ਰਹਮ ਗਿਆਨੀ ਵੀ ਹੈ। ਉਸ ਦੀ ਸ਼ਖ਼ਸੀਅਤ ਵਿਚ ਐਸੀ ਸਭ ਪਾਸੀਂ ਪੂਰਣਤਾ ਆ ਗਈ ਹੈ ਕਿ ਇਸ ਵਿਚ ਕੋਈ ਕਸਰ ਨਹੀਂ ਰਹਿ ਗਈ।

ਪ੍ਰਭ ਕੇ ਸੇਵਕ ਊਚ ਤੇ ਊਚੇ ॥

ਗਉੜੀ ਸੁਖਮਨੀ ਮਹਲਾ ੫ ॥ [ਪੰਨਾ ੨੮੫]

ਅਰਥਾਤ—ਰੱਬ ਦਾ ਸੇਵਕ ਉਚੇ ਤੋਂ ਉਚਾ ਹੈ।

ਇਹ ਸੇਵਕ ਹਰ ਤਰ੍ਹਾਂ ਨਿਪੁੰਨ ਹੈ। ਇਸ ਲਈ ਹੀ ਗੁਰੂ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਵੀ ਜਿੱਥੇ ਕਿਤੇ ਕਿਸੇ ਸੇਵਕ ਵਿਚ ਕੋਈ ਘਾਟ ਵੇਖਦੇ ਸਨ ਉਸ ਨੂੰ ਪੂਰਾ ਕਰਨ ਦਾ ਰਾਹ ਵਿਖਾਲਦੇ ਸਨ। ਮਾਧੋ ਦਾਸ ਇਕ ਵੈਰਾਗੀ ਭਗਤ ਸੀ ਪਰ ਉਸ ਨੂੰ ਗੁਰੂ ਜੀ ਨੇ ਆਪ ਤਲਵਾਰ ਦੇ ਕੇ ਸੇਵਾ ਦੇ ਮੈਦਾਨ ਵਿਚ ਭੇਜ ਦਿੱਤਾ । ਦੂਜੇ ਪਾਸੇ ਇਕ ਸੈਦ ਖ਼ਾਂ ਤਲਵਾਰ ਦਾ ਧਨੀ ਸੀ ਪਰ ਉਸ ਦੇ ਹੱਥ ਮਾਲਾ ਵੀ ਫੜਾ ਦਿੱਤੀ। ਇਸ ਦਾ ਇਹ ਭਾਵ ਨਹੀਂ ਕਿ ਉਹਨਾਂ ਦੀਆਂ ਨਜ਼ਰਾਂ ਵਿਚ ਕਰਮ ਭਗਤੀ ਤੇ ਗਿਆਨ ਇਕੱਠੇ ਬੇ-ਅਰਥ ਹੋ ਜਾਂਦੇ ਹਨ । ਗਿਆਨ ਦੀ ਮਹਾਨਤਾ ਸਗੋਂ ਉਹ ਇਉਂ ਦੱਸਦੇ ਹਨ : -

ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥
ਵਾਰ ਆਸਾ ਮ: ੧ ॥ [ਪੰਨਾ ੪੬੫]

ਅਰਥਾਤ – ਹੇ ਨਾਨਕ ! ਗਿਆਨ ਤੋਂ ਸੱਖਣੀ ਦੁਨੀਆਂ ਲੁੱਟੀ ਜਾ ਰਹੀ ਹੈ। ਜਮਾਂ ਦਾ ਡਰ ਇਸ ਨੂੰ ਖਾ ਰਿਹਾ ਹੈ।

ਮਾਨੁਖ ਬਿਨੁ ਬੂਝੇ ਬਿਰਥਾ ਆਇਆ ॥ ਟੋਡੀ ਮਹਲਾ ੫ ॥ [ਪੰ: ੭੧੨]

ਅਰਥਾਤ—ਗਿਆਨ-ਹੀਣ ਮਨੁੱਖ ਜਗਤ ਵਿਚ ਬੇ-ਅਰਥ ਆਇਆ ਹੈ।

ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥
ਸਿਰੀ ਰਾਗ ਮ: ੩ ॥ [ਪੰਨਾ ੨੯]

ਅਰਥਾਤ—ਉਸ ਸੇਵਕ ਦੀ ਕੋਈ ਰੀਸ ਨਹੀਂ ਜਿਸ ਨੂੰ ਬਿਬੇਕ ਵਿਚਾਰ ਹੈ।

'ਅਕਲੀ ਸਾਹਿਬੁ ਸੇਵੀਐ' ਵਾਰ ਸਾਰੰਗ ਮਹਲਾ ੪ ॥ (ਪੰਨਾ ੧੨੪੫)

ਅਰਥਾਤ—ਸਾਹਿਬ ਦੀ ਸੇਵਾ ਅਕਲ ਨਾਲ ਹੁੰਦੀ ਹੈ।

ਦੀਪਕੁ ਸਹਜਿ ਬਲੈ ਤਤਿ ਜਲਾਇਆ ॥
ਤੁਖਾਰੀ ਮਹਲਾ ੧ ॥ (ਪੰਨਾ ੧੧੦੯)

ਅਰਥਾਤ—ਜੀਵਨ ਰੂਪੀ ਦੀਵਾ ਠੀਕ ਤਰ੍ਹਾਂ, ਤਾਂ ਬਲਦਾ ਹੈ ਜੇ ਗਿਆਨ ਦੀ ਤੀਲੀ ਨਾਲ ਬਾਲਿਆ ਜਾਏ।

ਇਸ ਉਤਲੀ ਤੁਕ ਦੀ ਅਗਲੀ ਸਤਰ ਵਿਚ ਦੱਸਿਆ ਹੈ ਕਿ



Sri Satguru Jagjit Singh Ji eLibrary NamdhariElibrary@gmail.com

ਜੀਵਨ-ਦੀਵੇ ਲਈ ਭਾਵੇਂ ਪ੍ਰੇਮ ਦਾ ਤੇਲ [ਦੀਪਕ ਰਸ ਤੇਲੋ] ਚਾਹੀਦਾ ਹੈ ਪਰ ਗਿਆਨ ਦੀ ਤੀਲੀ ਇਸ ਤੋਂ ਵੀ ਪਹਿਲਾਂ ਚਾਹੀਦੀ ਹੈ, ਕਿਉਂਕਿ ਇਸ ਤੋਂ ਬਿਨਾਂ ਤਾਂ ਦੀਵਾ ਜਗ ਹੀ ਨਹੀਂ ਸਕਦਾ। ਗੁਰੂ ਸਾਹਿਬਾਨ ਨੂੰ ਗਿਆਨ ਬਿਬੇਕ ਦੇ ਵਿਚਾਰ ਆਦਕਿ ਦੀ ਬੜੀ ਕਦਰ ਸੀ ਇਸ ਲਈ ਦਸਮ-ਪਾਤਿਸ਼ਾਹ ਦੇ ਆਪਣੇ ਦਰਬਾਰ ਵਿਚ ਅਰਬੀ, ਹਿੰਦੀ, ਫ਼ਾਰਸੀ ਤੇ ਸੰਸਕ੍ਰਿਤ ਦੇ ਵਿਦਵਾਨ ਕਵੀ ਮੌਜੂਦ ਸਨ । ਸੰਸ-ਕ੍ਰਿਤ ਦੀ ਉਚੀ ਤਾਲੀਮ ਪ੍ਰਾਪਤ ਕਰਨ ਲਈ ਉਹਨਾਂ ਨਿਰਮਲੇ ਤਿਆਰ ਕੀਤੇ ਸ਼ਨ ਤੇ ਉਹ ਖ਼ੁਦ ਆਪ ਵੀ ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਦੇ ਮਾਹਿਰ ਸਨ। ਦਮਦਮਾ ਸਾਹਿਬ ਨੂੰ ਖੋਜ ਤੇ ਉਚੀ ਤਾਲੀਮ ਦਾ ਕੇਂਦਰ ਬਣਾ ਦਿੱਤਾ ਗਿਆ ਸੀ; ਉਹ ਸਮਝਦੇ ਸਨ ਕਿ ਗਿਆਨ ਤੋਂ ਬਿਨਾਂ ਆਤਮਕ ਜੀਵਨ ਦੀ ਭਾਲ ਨਿਰੇ ਹਨੇਰੇ ਵਿਚ ਟੱਕਰਾਂ ਮਾਰਨਾ ਹੈ ਪਰ ਇਸ ਤੋਂ ਇਹ ਵੀ ਨਾ ਸਮਝ ਲਿਆ ਜਾਏ ਕਿ ਆਮ ਸੰਸਾਰੀ ਜੀਵਨ ਲਈ ਵਿਚਾਰ ਦੀ ਤੀਲੀ ਦੀ ਲੋੜ ਨਹੀਂ ਸਗੋਂ ਸੱਚ ਇਹ ਹੈ ਕਿ ਚਾਹੇ ਇਕੱਲੇ ਇਕੱਲੇ ਮਨੁੱਖੀ ਜੀਵਨ ਲਈ ਤੇ ਚਾਹੇ ਕੌਮੀ ਜ਼ਿੰਦਗੀ ਲਈ ਗਿਆਨ, ਵਿਚਾਰ, ਦਲੀਲ ਤੇ ਨਿਰਣਾ ਸ਼ਕਤੀ ਦਾ ਨਾ ਹੋਣਾ ਜਾਂ ਘੱਟ ਹੋਣਾ ਬੜਾ ਘਾਟਾ ਹੁੰਦਾ ਹੈ।

ਫ਼ਿਲਾਸਫ਼ਰ ਸਪਾਈਨੋਜ਼ਾ ਕਹਿੰਦੇ ਹਨ :—

"Only knowledge is power and freedom and the only permanent happiness."

ਅਰਥਾਤ—ਕੇਵਲ ਇਲਮ [ਗਿਆਨ] ਹੀ ਸ਼ਕਤੀ ਤੇ ਆਜ਼ਾਦੀ ਹੈ ਅਤੇ ਸਦਾ ਕਾਇਮ ਰਹਿਣ ਵਾਲਾ ਸੁੱਖ ਹੈ।

ਯੂਨਾਨੀ ਕਹਾਵਤ ਹੈ :—

"Life is the gift of nature but beautiful living is the gift of wisdom."

ਭਾਵ ਜੀਵਨ ਕੁਦਰਤ ਦੀ ਦਾਤ ਹੈ ਪਰ ਖ਼ੂਬਸੂਰਤ ਜੀਵਨ ਸਹੀ ਸੂਝ ਬੂਝ ਤੋਂ ਉਪਜਦਾ ਹੈ।

ਅਰਿਸਟਾਟਲ (Aristotle) ਇਸ ਤਰ੍ਹਾਂ ਕਹਿੰਦੇ ਹਨ :—

"Man differs from other beings in his power of



Sri Satguru Jagjit Singh Ji eLibrary NamdhariElibrary@gmail.com

thought. It is by this that he rules all other forms of life. And as the growth of this faculty has given him his supremacy, so we may presume its development will give him fulfilment and happiness. So, the chief condition of happiness is the life of reason."

ਅਰਥਾਤ—ਮਨੁੱਖ ਆਪਣੀ ਵਿਚਾਰ-ਸ਼ਕਤੀ ਦੇ ਕਾਰਨ ਹੋਰ ਜੀਵਾਂ ਤੋਂ ਸ੍ਰੇਸ਼ਟ ਹੈ ਤੇ ਏਸੇ ਲਈ ਉਹ ਉਹਨਾਂ ਤੇ ਰਾਜ ਵੀ ਕਰਦਾ ਹੈ। ਜਿਵੇਂ ਇਸ ਸ਼ਕਤੀ ਦਾ ਵਾਧਾ ਹੋ ਕੇ ਉਸ ਨੂੰ ਸਰਦਾਰੀ ਮਿਲੀ ਹੈ ਤਿਵੇਂ ਇਹ ਸਮਝਿਆ ਜਾ ਸਕਦਾ ਹੈ ਕਿ ਇਸ ਸ਼ਕਤੀ ਦੀ ਹੋਰ ਉੱਨਤੀ ਨਾਲ ਉਸ ਨੂੰ ਪੂਰਨਤਾ ਤੇ ਸੁੱਖ ਪ੍ਰਾਪਤ ਹੋ ਜਾਣਗੇ। ਸੁੱਖ ਪ੍ਰਾਪਤੀ ਦੀ ਵੱਡੀ ਸ਼ਰਤ ਦਲੀਲ ਭਰਪੂਰ ਜੀਵਨ ਹੈ।

ਪਰ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਨਿਰਾ ਦਿਮਾਗ ਜਾਂ ਨਿਰੀ ਨਿਰਣਾ-ਸ਼ਕਤੀ ਦੀ ਬਹੁਲਤਾ ਜੋ ਅੰਦਰੂਨੀ ਆਤਮਕ ਜੀਵਨ ਦੀਆਂ ਬੁਨਿਆਦਾਂ 'ਤੇ ਖੜ੍ਹੀ ਨਹੀਂ, ਲਾਹਨਤ ਵੀ ਸਾਬਤ ਹੋ ਸਕਦੀ ਹੈ। ਜੀਵਨ ਹੈ ਸੁਖਦਾਈ ਕਰਨ ਦੀ ਥਾਂ। ਇਸ ਵਿਚ ਇਹ ਰੁੱਖਾਪਨ ਤੇ ਅਭਿਮਾਨ ਲੈ ਆਉਂਦੀ ਹੈ। ਜੀਵਨ ਰੌਂ ਤੋਂ ਕੱਟੇ ਜਾ ਕੇ ਨਿਰੀਆਂ ਦਿਮਾਗੀ ਹੇਰਾ ਫੇਰੀਆਂ ਵਿਚ ਸੁਖੀ ਜੀਵਨ ਦੀ ਪ੍ਰਾਪਤੀ ਨਹੀਂ ਹੁੰਦੀ। ਕੀ ਸਾਇੰਸ ਨੇ ਜੀਵਨ ਦੇ ਅਸਲੀ ਮਨੋਰਥਾਂ ਤੋਂ ਪਰੇ ਜਾ ਕੇ ਨਿਰੀ ਮਾਦਾ ਪ੍ਰਸਤੀ ਨਹੀਂ ਵਧਾਈ? ਜੇ ਇਸ ਨੇ ਮਾਦਾ ਪਦਾਰਥਾਂ ਨੂੰ ਹੀ ਆਪਣੀ ਭਾਲ ਦਾ ਨਿਸ਼ਾਨਾ ਬਣਾ ਛੱਡਿਆ ਹੈ ਤਾਂ ਇਸ ਦਾ ਸਿੱਟਾ ਕੀ ਨਿਕਲਿਆ ਹੈ?

ਗੁਰੂ ਅਰਜਨ ਦੇਵ ਜੀ ਇਸ ਦਾ ਉੱਤਰ ਇਉਂ ਦਿੰਦੇ ਹਨ :—

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

ਵਾਰ ਮਾਝ ਮਹਲਾ ੫ ॥ [ਪੰਨਾ ੧੪੦]

ਅਰਥਾਤ—ਉਸ ਪੜ੍ਹੇ ਹੋਏ ਨੂੰ ਮੂਰਖ ਸਮਝਣਾ ਚਾਹੀਦਾ ਹੈ ਜਿਸ ਅੰਦਰ ਲਬ, ਲੋਭ ਤੇ ਹੰਕਾਰ ਹੁੰਦੇ ਹਨ।

ਅਜਿਹੇ ਪੜ੍ਹਨ ਪੜ੍ਹਾਣ ਦਾ ਕੋਈ ਲਾਭ ਨਹੀਂ।

ਲਿਖਿ ਲਿਖਿ ਪੜਿਆ ਤੇਤਾ ਕੜਿਆ ॥

ਆਸਾ ਮਹਲਾ ੧ (ਪੰਨਾ ੪੬੭)



Sri Satguru Jagjit Singh Ji eLibrary NamdhariElibrary@gmail.com

ਅਰਥਾਤ—ਜਿੰਨਾ ਬਹੁਤਾ ਪੜ੍ਹਿਆ ਉਤਨਾ ਬਹੁਤਾ ਈਰਖਾ ਵਿਚ ਸੜਦਾ ਰਿਹਾ।

ਇਸ ਲਈ ਨਾ ਕੇਵਲ ਵਿਚਾਰ ਸਹੀ ਹੋਣ ਸਗੋਂ ਉਹਨਾਂ ਦੀ ਰੋਸ਼ਨੀ ਵਿਚ ਜੀਵਨ ਬਣਾਇਆ ਜਾਵੇ, ਤਾਂ ਹੀ ਬੁੱਧ ਨਿਰਮਲ ਕਹੀ ਜਾ ਸਕਦੀ ਹੈ। ਇਸ ਤੋਂ ਬਿਨਾਂ ਮਨੁੱਖ ਦਾ ਧਰਮ ਵੀ ਨਿਰਾ ਅੰਧ-ਵਿਸ਼ਵਾਸ, ਪਾਗਲਪਨ ਤੇ ਕੋਝਾ ਜਜ਼ਬਾ ਹੋ ਕੇ ਰਹਿ ਜਾਂਦਾ ਹੈ। ਬੇਸਮਝੀ ਤੇ ਜਹਾਲਤ ਨੇ ਦੁਨੀਆਂ ਵਿਚ ਅੰਧ ਵਿਸ਼ਵਾਸੀ ਪੈਦਾ ਕਰਕੇ ਓਨੀ ਹੀ ਤਬਾਹੀ ਆਂਦੀ ਹੈ ਜਿੰਨੀ ਬੁਰੇ ਆਦਮੀਆਂ ਆਂਦੀ ਹੈ, ਧਰਮ ਦੇ ਨਾਮ ਪਰ ਕੀ ਕੀ ਉਪੱਦ੍ਰਵ ਨਹੀਂ ਹੋਏ ? ਅੰਨ੍ਹੇ ਸ਼ਰਧਾਲੂਆਂ ਤੇ ਧਰਮ ਦੇ ਠੇਕੇਦਾਰਾਂ ਨੇ ਉਹ ਉਹ ਜ਼ੁਲਮ ਕੀਤੇ ਹਨ ਜੋ ਬਿਆਨ ਕਰਦਿਆਂ ਕੰਬ ਉਠੀਦਾ ਹੈ। ਸਾਡੇ ਦੇਸ਼ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਦੇ ਰਿਹਾ ਹੈ ਕਿ ਕਿਵੇਂ ਇਸਲਾਮ ਦੇ ਨਾਮ ਪਰ ਰੱਬ ਦੇ ਬੰਦਿਆਂ ਨਾਲ ਕੁੱਤਿਆਂ ਤੋਂ ਵੱਧ ਭੈੜਾ ਸਲੂਕ ਕੀਤਾ ਜਾਂਦਾ ਰਿਹਾ; ਔਰੰਗਜ਼ੇਬ ਵਰਗੇ ਜ਼ਾਲਮਾਂ ਨੇ ਧਰਮ ਦੇ ਨਾਮ ਤੇ ਹੀ ਮਜ਼ਲੂਮਾਂ ਦੇ ਖ਼ੂਨ ਵਿਚ ਨਹਾ ਕੇ ਫ਼ਖਰ ਮਹਿਸੂਸ ਕੀਤਾ ਸੀ। ਈਸਾਈਆਂ ਵਿਚ ਇਸ ਫ਼ਿਰਕੇ ਦੇ ਲੋਕ ਦੂਜਿਆਂ ਨੂੰ ਜ਼ਿੰਦਾ ਸਾੜ ਕੇ ਧਰਮ ਦੀ ਸੇਵਾ ਸਮਝਣ ਲੱਗ ਪਏ ਸਨ। ਇਕੋ ਰੱਬ ਦੇ ਮੰਨਣ ਵਾਲੇ ਇਕ ਦੂਜੇ ਦੀ ਜਾਨ ਦੇ ਤਿਹਾਏ ਬਣ ਗਏ ਸਨ ਤੇ ਆਪੋ ਵਿਚ ਲੜਦੇ ਰਹੇ। ਈਸਾਈਆਂ ਤੇ ਯਹੂਦੀਆਂ ਤੇ ਕੀਤੇ ਜ਼ੁਲਮਾਂ ਦੀ ਕਹਾਣੀ ਬੜੀ ਲੰਮੀ ਤੇ ਦੁੱਖ ਭਰੀ ਹੈ। ਇਹ ਉਸੇ ਬੇਸਮਝੀ ਦੇ ਕ੍ਰਿਸਮੇ ਹਨ ਜੋ ਗ਼ਲਤ ਕਿਸਮ ਦੀ ਸ਼ਰਧਾ ਉਤਪੰਨ ਕਰ ਕੇ ਧਰਮੀਆਂ ਨੂੰ ਗ਼ੁਮਰਾਹ ਕਰ ਦਿੰਦੀ ਹੈ। ਸੱਚ ਹੈ :

ਮਤਿ ਥੋੜੀ ਸੇਵ ਗਵਾਈਐ ॥

ਵਾਰ ਆਸਾ ਮਹਲਾ ੧ ॥ [ਪੰਨਾ ੪੬੮]

ਅਰਥਾਤ—ਘੱਟ ਅਕਲ ਦੇ ਕਾਰਨ ਕੀਤੀ ਕਰਾਈ ਸੇਵਾ ਨਸ਼ਟ ਹੋ ਜਾਂਦੀ ਹੈ।

ਸੁਕਰਾਤ ਨੇ ਠੀਕ ਕਿਹਾ ਹੈ :



Sri Satguru Jagjit Singh Ji eLibrary NamdhariElibrary@gmail.com

Perhaps all sin is error, partial vision, foolishnses

ਅਰਥਾਤ—ਪਾਪ ਸ਼ਾਇਦ ਹੈ ਹੀ ਭੁਲੇਖਾ, ਅਪੂਰਨ ਨਜ਼ਰ ਤੇ ਮੂਰਖਤਾ।

ਸੋ ਜਿੱਥੇ ਸਹੀ ਅਕਲ, ਵਿਚਾਰ ਤੇ ਦਲੀਲ ਜ਼ਰੂਰੀ ਚੀਜ਼ਾਂ ਹਨ ਉਥੇ ਠੀਕ ਨਿਸ਼ਚਾ, ਸ਼ਰਧਾ ਤੇ ਭਗਤੀ ਭਾਵਨਾ ਵੀ ਓਨੇ ਹੀ ਜ਼ਰੂਰੀ ਹਨ। ਦਿਲ ਤੇ ਦਿਮਾਗ਼ ਦੋਵੇਂ ਸਾਬਤ ਹੋਣੇ ਚਾਹੀਦੇ ਹਨ।

ਪੈਸਕਲ Pascal ਨੇ ਦਿਲ ਨੂੰ ਦਿਮਾਗ ਤੋਂ ਵੀ ਤਰਜੀਹ ਦਿੱਤੀ ਹੈ:

"The heart has reasons of its own, which the head can never understand."

ਅਰਥਾਤ—ਦਿਲ ਦੀਆਂ ਆਪਣੀਆਂ ਦਲੀਲਾਂ ਹਨ ਜਿਨ੍ਹਾਂ ਨੂੰ ਨਿਰਾ ਦਿਮਾਗ਼ ਹੀ ਨਹੀਂ ਸਮਝ ਸਕਦਾ।

ਕਾਂਟ ਦੀ ਤਾਂ ਸਾਰੀ ਫ਼ਿਲਾਸਫ਼ੀ ਹੀ ਨਿਸ਼ਚੇ ਤੇ ਖੜ੍ਹੀ ਕੀਤੀ ਗਈ ਸੀ, ਦਲੀਲ 'ਤੇ ਨਹੀਂ। ਉਸ ਨੇ ਸਾਬਤ ਕੀਤਾ ਸੀ ਕਿ ਨਿਰੀ ਦਲੀਲ ਨਾਲ ਦੋ ਪ੍ਰਸਪਰ ਵਿਰੋਧੀ ਖ਼ਿਆਲ ਦੋਵੇਂ ਹੀ ਠੀਕ ਸਿੱਧ ਕੀਤੇ ਜਾ ਸਕਦੇ ਹਨ। ਉਹ ਕਹਿੰਦੇ ਸਨ ਕਿ ਨਿਰੀ ਦਲੀਲ ਆਪਣੇ ਆਪ ਵਿਚ ਨਾਕਸ ਹੈ। ਆਤਮਾ ਦਾ ਅਮਰ ਹੋਣਾ ਜਾਂ ਪ੍ਰਮਾਤਮਾ ਦੀ ਹੋਂਦ ਨਿਰੀ ਦਲੀਲ ਨਾਲ ਕਿਸ ਤਰ੍ਹਾਂ ਸਿੱਧ ਕੀਤੀ ਜਾ ਸਕਦੀ ਹੈ ? ਇਹੋ ਅੜਂਗੜੀ ਸਪੈਨਸਰ (Spenser) ਨੇ ਇਉਂ ਪਾਈ ਸੀ :—

If God made the world who made God? Every theory of the origin of Universe drives us into inconceivabilities. We cannot conceive of anything beginningless or uncaused. The cause of these obscurities is the relativity of all Knowledge. Thinking being relating, no thought can express more than relation Actuality is thus unknowable

ਇਹਨਾਂ ਸੱਤਰਾਂ ਦਾ ਭਾਵ ਇਹ ਹੈ ਕਿ ਕਈ ਪਰਾਭੌਤਿਕ (Metaphysical) ਮਸਲਿਆਂ ਦਾ ਵਿਚਾਰ ਗੋਰਖ-ਧੰਦਾ ਬਣ ਜਾਂਦਾ ਹੈ ਤੇ



Sri Satguru Jagjit Singh Ji eLibrary NamdhariElibrary@gmail.com

ਉਥੇ ਜਾ ਡੇਗਦਾ ਹੈ ਜਿੱਥੇ ਇਨਸਾਨੀ ਸਮਝ ਕੰਮ ਨਹੀਂ ਕਰੇਗੀ। ਮਿਸਾਲ ਦੇ ਤੌਰ ਤੇ, ਇਹ ਗੱਲ, ਕੋਈ ਕਿਸੇ ਤਰ੍ਹਾਂ ਸਮਝੇ ਕਿ ਪ੍ਰਮਾਤਮਾ ਅਨਾਦੀ ਜਾਂ ਸੈਭੰ ਹੈ? ਇਸੇ ਤਰ੍ਹਾਂ ਜੇ ਸੰਸਾਰ ਦਾ ਆਰੰਭ ਰੱਬ ਤੋਂ ਹੋਇਆ ਮੰਨਿਆ ਜਾਏ ਤਾਂ ਰੱਬ ਦਾ ਆਰੰਭ ਕਿਵੇਂ ਹੋਇਆ ਮੰਨਿਆ ਜਾਏਗਾ? ਅਸਲ ਗੱਲ ਇਹ ਹੈ ਕਿ ਇਨ੍ਹਾਂ ਅੜੰਗੜੀਆਂ ਦਾ ਕਾਰਨ ਇਨਸਾਨ ਦੀ ਆਪਣੀ ਜਾਣਕਾਰੀ ਦਾ ਮਹਿਦੂਦ ਹੋਣਾ ਹੈ। ਇਹ ਜਾਣਕਾਰੀ ਹੋਰ ਚੀਜ਼ਾਂ ਨਾਲ ਸੰਬੰਧਤ ਹੋ ਕੇ ਪ੍ਰਾਪਤ ਹੁੰਦੀ ਹੈ। ਇਸ ਲਈ ਇਨ੍ਹਾਂ ਚੀਜ਼ਾਂ ਤੋਂ ਪਰੇ ਕਿਸੇ ਅਟੱਲ ਅੰਤਮ ਸੱਚਾਈ ਦਾ ਪਤਾ ਇਸ ਜਾਣਕਾਰੀ ਤੋਂ ਨਹੀਂ ਲੱਗ ਸਕਦਾ। ਗੁਰੂ ਗੋਬਿੰਦ ਸਿੰਘ ਜੀ ਇਸ ਖ਼ਿਆਲ ਦੀ ਇਉਂ ਪੁਸ਼ਟੀ ਕਰਦੇ ਹਨ:

ਤੁਮਰਾ ਲਖਾ ਨਾ ਜਾਇ ਪਸਾਰਾ ॥
ਕਿਹ ਬਿਧ ਸਜਾ ਪ੍ਰਿਥਮ ਸੰਸਾਰਾ ॥

ਅਰਥਾਤ—ਤੇਰੀ ਬੇਅੰਤਤਾ ਸਮਝ ਤੋਂ ਪਰੇ ਹੈ। ਕੌਣ ਦੱਸ ਸਕਦਾ ਹੈ ਕਿ ਤੂੰ ਪਹਿਲਾਂ ਕਿਸ ਤਰ੍ਹਾਂ ਰਚਨਾ ਰਚੀ ਸੀ?

ਸੋ ਇਹ ਤੇ ਇਹੋ ਜਿਹੀਆਂ ਹੋਰ ਕਈ ਬੁਨਿਆਦੀ ਸੱਚਾਈਆਂ ਤੇ ਸਿਦਕ ਲਿਆਉਣਾ ਪੈਂਦਾ ਹੈ ਪਰ ਇਸ ਦਾ ਇਹ ਭਾਵ ਵੀ ਨਹੀਂ ਕਿ ਹਰ ਗੱਲ ਨੂੰ ਅੱਖਾਂ ਮੀਟ ਕੇ ਪ੍ਰਵਾਨ ਕਰ ਲਿਆ ਜਾਏ। ਇਹੋ ਜਿਹੀ ਗ਼ਲਤ ਕਿਸਮ ਦੀ ਸ਼ਰਧਾ ਜਾਂ ਭਾਵਨਾ ਦਾ ਸਿੱਖੀ ਵਿਚ ਕੋਈ ਮੁੱਲ ਨਹੀਂ। ਸ਼ਰਧਾ ਹਮੇਸ਼ਾਂ ਚੰਗੀਆਂ ਤੇ ਵੱਡੀਆਂ ਚੀਜ਼ਾਂ ਤੇ ਹੀ ਹੋਣੀ ਚਾਹੀਦੀ ਹੈ, ਜਿਵੇਂ ਨੇਕੀ, ਪ੍ਰੇਮ, ਉਪਕਾਰ ਆਦਿਕ। ਜਹਾਲਤ ਤੇ ਖੜ੍ਹੀ ਸ਼ਰਧਾ ਦਾ ਕੌਡੀ ਮੁੱਲ ਨਹੀਂ।

ਇਸ ਲਈ ਮਹਾਰਾਜ ਦੀਆਂ ਨਜ਼ਰਾਂ ਵਿਚ ਜਿੱਥੇ 'ਧਨ ਪਿਰ' ਦੇ ਮੇਲ ਲਈ ਭਗਤੀ ਭਾਵਨਾ ਤੇ ਸ਼ਰਧਾ ਦਾ ਤੇਲ ਜ਼ਰੂਰ ਹੈ ('ਦੀਪਕ ਰਸ ਤੇਲੋ ਧਨ ਪਿਰ ਮੇਲੋ') ਉੱਥੇ ਗਿਆਨ ਦੀ ਤੀਲੀ ਦੀ ਲੋੜ ਵੀ ਘੱਟ ਨਹੀਂ। ਇਸ ਤੋਂ ਹੋਰ ਅਗਾਂਹ ਸੇਵਾ ਦੇ ਮੈਦਾਨ ਵਿਚ ਉਤਰਨਾ ਵੀ ਜ਼ਰੂਰੀ ਹੈ। ਇਹ ਤਿੰਨੇ ਚੀਜ਼ਾਂ ਸੇਵਾ, ਭਗਤੀ ਤੇ ਗਿਆਨ ਇਕੱਠੀਆਂ ਚੱਲਣੀਆਂ ਚਾਹੀਦੀਆਂ ਹਨ, ਨਹੀਂ ਤਾਂ ਜੀਵਨ ਅਧੂਰਾ ਜਾਂ ਅਪੂਰਨ ਰਹਿੰਦਾ ਹੈ। ਇਸ ਵਿਚਾਰ ਦੇ ਸਪੱਸ਼ਟੀਕਰਣ ਲਈ ਗੁਰੂ ਘਰ



Sri Satguru Jagjit Singh Ji eLibrary NamdhariElibrary@gmail.com

ਵਿਚ ਇਕ ਸੁੰਦਰ ਮਿਸਾਲ ਮਿਲ ਜਾਂਦੀ ਹੈ। ਗੁਰੂ ਰਾਮਦਾਸ ਜੀ ਦੇ ਵੱਡੇ ਲੜਕੇ ਪ੍ਰਿਥੀਚੰਦ ਲੰਗਰ ਦੀ ਸੇਵਾ ਦੇ ਮੁਖੀਏ ਸਨ ਪਰ ਇਹ ਸੇਵਾ ਉਹਨਾਂ ਨੂੰ ਤਾਰਨ ਦੀ ਥਾਂ ਲੈ ਡੁੱਬੀ ਸੀ। ਦੂਜੇ ਲੜਕੇ ਮਹਾਂਦੇਵ ਜੀ ਇਕ ਵਿਰੱਕਤ ਸਾਧੂ ਸਨ ਜੋ ਜਪ ਤਪ ਭਗਤੀ ਵਿਚ ਤਾਂ ਨਿਸ਼ਚਾ ਰੱਖਦੇ ਸਨ ਪਰ ਸੇਵਾ ਨੂੰ ਗੈਰ-ਜ਼ਰੂਰੀ ਸਮਝਦੇ ਸਨ। ਉਹ ਨੇਕ ਪੁਰਸ਼ ਜ਼ਰੂਰ ਸਨ ਪਰ ਅਮਲੀ ਸੇਵਾ ਦੀ ਥੁੜ੍ਹੋਂ ਅਪੂਰਨ ਸਨ ਤੇ ਪਿੱਛੇ ਰਹਿ ਗਏ ਸਨ। ਅੱਗੇ ਕੇਵਲ ਗੁਰੂ ਅਰਜਨ ਦੇਵ ਜੀ ਗਏ ਸਨ ਜਿਨ੍ਹਾਂ ਅੰਦਰ ਭਗਤੀ, ਗਿਆਨ ਤੇ ਸੇਵਾ (ਕਰਮ ਕਿਰਤ) ਤਿੰਨੇ ਹੀ ਤੁੱਲ ਕੇ ਮੌਜੂਦ ਸਨ। ਉਹ ਸਭ ਪਾਸੀਂ ਪੂਰਨਤਾ ਨੂੰ ਪਹੁੰਚ ਕੇ ਹੀ ਗੁਰਿਆਈ ਦੇ ਯੋਗ ਸਮਝੇ ਗਏ ਸਨ।

ਭਾਈ ਨੰਦ ਲਾਲ ਜੀ ਵਰਗੇ ਪ੍ਰਤਿਸ਼ਠਤ ਵਿਦਵਾਨ ਨੂੰ ਸਾਧ-ਸੰਗਤ ਦੇ ਜੋੜੇ ਝਾੜਦਿਆਂ ਵੇਖ ਬਹਾਦਰ ਸ਼ਾਹ ਹੈਰਾਨ ਹੋ ਕੇ ਸੋਚਦਾ ਸੀ ਕਿ ਗੁਰੂ ਘਰ ਵਿਚ ਕਿਸ ਤਰ੍ਹਾਂ ਦੇ ਲੋਕ ਵਸਦੇ ਹਨ। ਭਾਈ ਜੀ ਨੇ ਉਸ ਦੀ ਹੈਰਾਨੀ ਦੂਰ ਕਰਨ ਲਈ ਉਸ ਨੂੰ ਇਉਂ ਉੱਤਰ ਦਿੱਤਾ ਸੀ, 'ਕੁੱਤਾ ਮਾਲਕ ਦੀ ਰੋਟੀ ਵੱਲ ਤੱਕਦਾ ਰਹਿੰਦਾ ਹੈ।' ਮੈਂ ਵੀ ਗੁਰੂ ਘਰ ਦਾ ਭਿਖਾਰੀ ਹਾਂ ਤੇ ਆਪਣੀ ਕਿਸੇ ਅਖੌਤੀ ਵਿਦਵਤਾ ਦਾ ਹੰਕਾਰ ਗੁਰੂ ਦੀ ਬਖ਼ਸ਼ੀ ਇਸ ਸੇਵਾ ਦੁਆਰਾ ਸਾਧਾਂ ਦੀ ਧੂੜੀ ਵਿਚ ਰੁਲ ਕੇ ਤੋੜ ਰਿਹਾ ਹਾਂ।

ਪੂਰਨ ਸ਼ਖ਼ਸੀਅਤ ਦੀ ਤਸਵੀਰ ਇਹ ਹੈ ਕਿ ਸੇਵਾ, ਭਗਤੀ ਤੇ ਵਿਦਵਤਾ ਤਿੰਨੇ ਹੀ ਇਸ ਦੇ ਥੰਮ੍ਹ ਹੋਣ। ਸਰਦਾਰ ਕਪੂਰ ਸਿੰਘ ਨਵਾਬੀ ਦੇ ਯੋਗ ਇਸ ਲਈ ਸਮਝੇ ਗਏ ਸਨ ਕਿ ਉਹ ਤਬੇਲੇ ਦੇ ਘੋੜਿਆਂ ਦੀ ਲਿੱਦ ਢੋਅ ਢੋਅ ਕੇ ਮਨ ਦੀ ਸਾਰੀ ਮੈਲ ਧੋ ਬੈਠੇ ਸਨ ਤੇ ਸੇਵਾ ਰਹਿਤ ਨਿਰੀ ਨਵਾਬੀ ਨੂੰ ਠੁੱਡੇ ਮਾਰਦੇ ਸਨ। ਉਨ੍ਹਾਂ ਨੂੰ ਜੋ ਸਵਾਦ ਲਿੱਦ ਢੋਣ ਵਿਚ ਸੀ ਉਹ ਕਿਸੇ ਨਵਾਬੀ ਵਿਚ ਨਹੀਂ ਸੀ। ਇਸ ਲਈ ਨਵਾਬੀ ਦੀ ਜ਼ਿੰਮੇਵਾਰੀ ਉਨ੍ਹਾਂ ਉਦੋਂ ਮੰਨੀ ਸੀ ਜਦੋਂ ਇਹ ਗੱਲ ਪਹਿਲਾਂ ਮੰਨਵਾ ਲਈ ਸੀ ਕਿ ਲਿੱਦ ਢੋਣ ਦੀ ਸੇਵਾ ਉਹਨਾਂ ਦੇ ਹੱਥਾਂ ਵਿਚ ਹੀ ਰਹੇਗੀ।



Sri Satguru Jagjit Singh Ji eLibrary NamdhariElibrary@gmail.com

ਸੇਵਾ ਦੀ ਤੇ ਖ਼ਾਸ ਕਰਕੇ ਹੱਥੀਂ ਸੇਵਾ ਦੀ ਸਿੱਖੀ ਵਿਚ ਸਦਾ ਹੀ ਵਿਸ਼ੇਸ਼ ਕਦਰ ਰਹੀ ਹੈ, ਕਿਉਂਕਿ ਇਸ ਸੇਵਾ ਦਾ ਅਸਰ ਮਨ ਨੂੰ ਗ਼ਰੀਬੀ ਨਿਮਰਤਾ ਭਾਵ ਵਿਚ ਰੱਖਣ ਲਈ ਬੜਾ ਡੂੰਘਾ ਤੇ ਦੇਰਪਾ [ਦੇਰ ਤੱਕ ਰਹਿਣਾ ਵਾਲਾ] ਹੁੰਦਾ ਹੈ।

ਦਸਮੇਸ਼ ਜੀ ਨੇ ਇਕ ਵਾਰ ਆਪਣੇ ਕਿਸੇ ਸੇਵਕ ਨੂੰ ਪਾਣੀ ਲਈ ਆਵਾਜ਼ ਦਿੱਤੀ । ਉਸ ਵੇਲੇ ਉਹ ਸੇਵਕ ਹਾਜ਼ਰ ਨਹੀਂ ਸੀ ਤੇ ਕੋਈ ਹੋਰ ਸਿੰਘ ਜੋ ਪਾਸ ਖੜ੍ਹਾ ਸੀ ਪਾਣੀ ਲੈ ਕੇ ਆ ਗਿਆ। ਉਸ ਦੇ ਕੂਲੇ ਕੂਲੇ ਤੇ ਨਰਮ ਨਰਮ ਹੱਥ ਵੇਖ ਕੇ ਮਹਾਰਾਜ ਨੇ ਸਮਝ ਲਿਆ ਕਿ ਇਸ ਪੁਰਸ਼ ਨੇ ਕਦੇ ਹੱਥੀਂ ਸੇਵਾ ਨਹੀਂ ਕੀਤੀ। ਉਸ ਦੇ ਹੱਥੋਂ ਪਾਣੀ ਲੈਣੋਂ ਉਨ੍ਹਾਂ ਨਾਂਹ ਕਰ ਦਿੱਤੀ । ਉਹਨਾਂ ਦਾ ਮਨੋਰਥ ਕੇਵਲ ਇਹ ਦਰਸਾਣਾ ਸੀ ਕਿ ਹੱਥੀਂ ਸੇਵਾ ਦੀ ਮਹਾਨਤਾ ਬਹੁਤ ਭਾਰੀ ਸਮਝਣੀ ਚਾਹੀਦੀ ਹੈ । ਲੰਗਰ ਦੇ ਜੂਠੇ ਭਾਂਡੇ ਮਾਂਜਣੇ, ਸਾਧ ਸੰਗਤ ਦੇ ਜੋੜੇ ਝਾੜਨੇ ਅਤੇ ਪੱਖੇ ਫੇਰਨ ਦੀਆਂ ਸ਼ਿੱਖੀ ਰਵਾਇਤਾਂ ਵੀ ਇਸੇ ਕਰਕੇ ਪ੍ਰਚੱਲਤ ਕੀਤੀਆਂ ਗਈਆਂ ਸਨ। ਗੁਰੂ ਸਾਹਿਬ ਦਾ ਧਿਆਨ ਮਨੁੱਖ ਦੀ ਸਰਬ-ਪੱਖੀ ਉਸਾਰੀ ਵੱਲ ਹੁੰਦਾ ਸੀ। ਉਹ ਚਾਹੁੰਦੇ ਸਨ ਕਿ ਇਨ-ਸਾਨ ਨੂੰ ਐਸੀ ਜੀਵਨ ਜੁਗਤਿ ਮਿਲੇ ਕਿ ਉਸ ਵਿਚ ਕਿਸੇ ਤਰ੍ਹਾਂ ਦੀ ਕੋਈ ਕਸਰ ਨਾ ਰਹਿ ਜਾਏ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ
ਵਿਚੇ ਹੋਵੈ ਮੁਕਤਿ ॥

ਵਾਰ ਗੂਜਰੀ ਮਹਲਾ ੫ ॥ (ਪੰਨਾ ੫੨੨)

ਅਰਥਾਤ—ਹੇ ਨਾਨਕ ! ਸਤਿਗੁਰੂ ਨੂੰ ਮਿਲਿਆਂ, ਸਤਿਗੁਰ ਦੀ ਅਗਵਾਈ 'ਚ ਤੁਰਿਆਂ ਪੂਰਨ ਜੀਵਨ ਜੁਗਤੀ ਲੱਭ ਜਾਂਦੀ ਹੈ । ਫਿਰ ਹੱਸਦਿਆਂ, ਖੇਡਦਿਆਂ, ਖਾਂਦਿਆਂ ਤੇ ਪੀਂਦਿਆਂ ਮੁਕਤ ਹੋ ਜਾਈਦਾ ਹੈ।

ਪੂਰਨ ਜੀਵਨ ਜੁਗਤ ਉਹ ਹੈ ਜੋ ਇਨਸਾਨ ਨੂੰ ਸਭ ਪਾਸੀਂ ਪੂਰਨ (Integrated personality) ਦੇ ਰਾਹੇ ਪਾਂਦੀ ਹੈ। ਭਾਵ ਇਹ ਹੈ ਕਿ



Sri Satguru Jagjit Singh Ji eLibrary NamdhariElibrary@gmail.com

ਪੂਰਨ ਸ਼ਖ਼ਸੀਅਤ ਜਾਂ ਪਰਮ-ਮਨੁੱਖਤਾ ਦੀ ਪ੍ਰਾਪਤੀ ਤਾਂ ਹੁੰਦੀ ਹੈ ਜਦ ਸਰੀਰਕ ਮਾਨਸਿਕ ਤੇ ਆਤਮਿਕ ਪੂਰਨਤਾ ਇਕੋ ਜਿਹੀ ਹੋ ਜਾਂਦੀ ਹੈ। ਇਨਸਾਨੀ ਜੀਵਨ ਦੇ ਤਿੰਨਾਂ ਖੰਡਾਂ (Planes) ਵਿਚ ਰਹਿਣਾ ਹੁੰਦਾ ਹੈ— ਮਹਾਂ ਆਕਾਸ਼ (Physical plane) ਚਿਤਾਕਾਸ (Mental plane) ਅਤੇ ਚਿਦਾਕਾਸ਼ (Spiritual plane)। ਇਨ੍ਹਾਂ ਤਿੰਨਾਂ ਹੀ ਖੰਡਾਂ ਵਿਚ ਜੀਵਨ ਰੌਂ ਠੀਕ ਤਰ੍ਹਾਂ ਚੱਲਣੀ ਚਾਹੀਦੀ ਹੈ, ਤਾਂ ਹੀ ਜੀਵਨ ਪੂਰਨ ਸਮਝਿਆ ਜਾ ਸਕਦਾ ਹੈ। ਸਰੀਰ ਹਰੀ ਮੰਦਰ ਹੈ, ਚੰਗੀ ਖ਼ੁਰਾਕ ਦੁਆਰਾ ਤੇ ਸਿਹਤ ਦੇ ਨਿਯਮਾਂ ਦੀ ਪਾਲਣਾ ਨਾਲ ਇਸ ਮੰਦਰ ਦੀ ਸੰਭਾਲ ਇਨਸਾਨ ਦਾ ਪਹਿਲਾ ਧਰਮ ਹੈ ਕਿਉਂਕਿ ਪਰਮਾਰਥ ਦੇ ਰਾਜ ਦਾ ਇਹ ਮੰਦਰ ਸਭ ਤੋਂ ਵੱਧ ਸਹਾਇਕ ਹੁੰਦਾ ਹੈ। ਸਰੀਰ ਦੇ ਸਾਰੇ ਅੰਗਾਂ ਦੀ ਪੂਰੀ ਸੰਭਾਲ ਵੱਲੋਂ ਬੇਪਰਵਾਹੀ ਪਾਪ ਹੈ। ਇਸ ਤੋਂ ਅਗ੍ਹਾਂ ਮਨ ਦੀ ਸੰਭਾਲ ਸ਼ੁਰੂ ਹੁੰਦੀ ਹੈ। ਦਿਮਾਗ, ਜਜ਼ਬਾ ਤੇ ਇਰਾਦਾ ਮਨ ਦੇ ਤਿੰਨੇ ਅੰਗ ਹਨ ਤੇ ਇਨ੍ਹਾਂ ਅੰਗਾਂ ਨੂੰ ਹੀ ਨਵਾਂ ਨਰੋਆ ਰੱਖਣਾ ਧਰਮ ਹੈ। ਇਨ੍ਹਾਂ ਤਿੰਨਾਂ ਦੀ ਹੀ ਠੀਕ ਸੰਭਾਲ ਤੋਂ ਗਿਆਨ, ਭਗਤੀ ਅਤੇ ਕਰਮ ਸੇਵਾ ਦਾ ਪ੍ਰਕਾਸ਼ਨ ਹੁੰਦਾ ਹੈ। ਇਸ ਤਰ੍ਹਾਂ ਸੁਤੇ ਸਿਧ ਆਤਮਕ ਉਸਾਰੀ ਹੁੰਦੀ ਜਾਂਦੀ ਹੈ ਤੇ ਅੰਦਰ ਦੇ ਆਤਮਕ ਚਸ਼ਮੇ ਫੁੱਟ ਪੈਂਦੇ ਹਨ। ਇਹ ਹੈ ਕਰਮ ਯੋਗੀ ਜਾਂ ਸੰਤ ਸਿਪਾਹੀ ਦੀ ਪੂਰਨ ਤਸਵੀਰ। ਕਰਮਯੋਗੀ ਉਹ ਨਹੀਂ ਜੋ ਨਿਰੇ ਜਪ, ਤਪ ਦੇ ਸਾਧਨਾਂ ਦਾ ਪੁੰਨ-ਦਾਨ ਤੇ ਯੱਗ ਆਦਿ ਕਰਮਾਂ ਵਿਚ ਲੱਗਾ ਰਹਿੰਦਾ ਹੈ ਸਗੋਂ ਉਹ ਹੈ, ਜਿਸ ਦੇ ਭਗਤੀ ਭਾਵ ਤੋਂ ਉਪ-ਕਾਰ ਤੇ ਸੇਵਾ ਨਿਕਲਦੇ ਹਨ। ਪਰ ਇਸ ਤਰ੍ਹਾਂ ਉਸ ਰੱਬ ਦੀ ਸਾਰੇ ਵਰਤ ਰਹੀ ਏਕਤਾ ਅਨੁਭਵ ਕਰਕੇ ਹੀ ਹੁੰਦਾ ਹੈ। ਸੋ ਇਹ ਹੈ ਗੁਰੂ ਜੀ ਦੇ ਕਿਆਸ ਦਾ ਸੇਵਕ ਜੋ ਸਭ ਤਰ੍ਹਾਂ ਨਿਪੁੰਨ ਹੈ।

ਆਰੰਭ ਦੇ ਸ਼ਬਦ ਵਿਚ ਇਸ ਕਿਆਸ ਦਾ ਹੀ ਸੇਵਕ ਵਿਖਾਇਆ ਗਿਆ ਸੀ। ਰਹਾਉ ਦੀ ਤੁਕ ਵਿਚ ਦੱਸਿਆ ਹੈ ਕਿ ਸੇਵਕ ਦੀ ਪ੍ਰੀਤੀ ਅਖੀਰ ਤਕ ਨਿਭ ਜਾਂਦੀ ਹੈ। ਇਸ ਸੇਵਕ ਦੀ ਸੇਵਾ ਦਾ ਮੰਤਵ ਕਿਸੇ ਪੁਰਸ਼ ਦੀ ਸੇਵਾ ਕਰਕੇ ਉਸ ਨੂੰ ਖ਼ੁਸ਼ ਕਰਨਾ ਨਹੀਂ ਬਲਕਿ ਰੱਬ ਦੀ ਪ੍ਰੀਤਿ ਨਿਭਾਉਣਾ ਹੈ। ਉਸ ਲਈ ਮੁੱਢਲੀ ਚੀਜ਼ ਕੇਵਲ ਆਪਣੇ ਰੱਬ



Sri Satguru Jagjit Singh Ji eLibrary NamdhariElibrary@gmail.com

ਦੀ ਪ੍ਰੀਤ ਹੈ ਤੇ ਇਹੋ ਉਸ ਦੀ ਭਗਤੀ ਹੈ। ਸੇਵਾ ਤਾਂ ਇਸ ਪ੍ਰੀਤ ਤੋਂ ਸੁਤੇ-ਸਿਧ ਨਿਕਲਦੀ ਹੈ। ਨਿਰਸੰਦੇਹ ਅਸਲ ਸੇਵਾ ਨਿਕਲਦੀ ਹੀ ਪ੍ਰੀਤ ਤੋਂ ਹੈ ਭਾਵੇਂ ਇਹ ਜ਼ਰੂਰੀ ਨਹੀਂ ਕਿ ਸੇਵਾ ਤੋਂ ਪ੍ਰੀਤ ਵੀ ਨਿਕਲੇ। ਰੱਬ ਦਾ ਸੱਚਾ ਸੇਵਕ ਜਦੋਂ ਸੇਵਾ ਦੇ ਮੈਦਾਨ ਵਿਚ ਆਂਵਦਾ ਹੈ ਤਾਂ ਵੀ ਉਹ ਪ੍ਰੀਤ ਨਿਭਾਉਣ ਲਈ ਆਂਵਦਾ ਹੈ। ਉਹ ਸੇਵਾ ਤਾਂ ਮਨੁੱਖਾਂ ਦੀ ਕਰਦਾ ਦਿਸਦਾ ਹੈ ਪਰ ਉਸ ਲਈ ਇਹ ਸੇਵਾ ਕਿਸੇ ਮਨੁੱਖ ਦੀ ਸੇਵਾ ਨਹੀਂ ਹੁੰਦੀ, ਉਸ ਦੇ ਮਾਲਕ ਦੀ ਹੁੰਦੀ ਹੈ ਤੇ ਇਹ ਸੇਵਾ ਉਹ ਆਪਣੀ ਸਾਰੀ ਜ਼ਿੰਦਗੀ ਵਿਚ ਨਿਭਾਉਣਾ ਚਾਹੁੰਦਾ ਹੈ। ਉਹ ਜਦ ਕਿਸੇ ਪੁਰਸ਼ ਦੇ ਕੰਮ ਆਂਵਦਾ ਹੈ ਤਾਂ ਉਹ ਸਾਹਿਬ ਦੀ ਸੇਵਾ ਕਰ ਰਿਹਾ ਹੁੰਦਾ ਹੈ। ਉਸ ਵੇਲੇ ਉਸ ਦੇ ਸਾਹਮਣੇ ਉਸ ਦਾ ਮਾਲਕ ਹੈ, ਕੋਈ ਮਨੁੱਖ ਨਹੀਂ। ਸਾਰੀ ਉਮਰ ਦੇ ਉਹਦੇ ਕੰਮ ਸਾਹਿਬ ਦੇ ਕੰਮ ਹਨ ਤੇ ਉਸ ਨੇ ਅੰਤ ਤਕ ਓਸੇ ਦੀ ਪ੍ਰੀਤ ਨੂੰ ਚਿੱਤ ਵਿਚ ਰੱਖਿਆ ਹੈ। ਭਗਤੀ ਤੇ ਸੇਵਾ ਦੋਹਾਂ ਵਿਚ ਲੱਗਿਆਂ ਉਸ ਨੇ ਖ਼ਸਮ ਨੂੰ ਵੀ ਪਛਾਣ ਲਿਆ ਹੈ, ਅਰਥਾਤ ਉਹ ਬ੍ਰਹਮ ਗਿਆਨੀ ਹੋ ਗਿਆ ਹੈ। ਸੋ ਗਿਆਨ ਸੇਵਾ ਤੇ ਪ੍ਰੀਤ ਏਥੇ ਇਕੋ ਸ਼ਖ਼ਸ ਅੰਦਰ ਇਕੱਠੇ ਹੋ ਗਏ ਹਨ ਤਾਂ ਹੀ ਸ਼ਬਦ ਦੀ ਆਖ਼ਰੀ ਸਤਰ ਵਿਚ ਕਹਿੰਦੇ ਹਨ ਕਿ ਸੇਵਕ ਦਾ ਜੀਵਨ ਸਫ਼ਲ ਹੋਇਆ ਹੈ ਕਿਉਂਕਿ ਉਸ ਨੂੰ ਖ਼ਸਮ ਦੀ ਪੂਰੀ ਪਛਾਣ ਹੋਈ ਹੈ। ਸੇਵਕ ਹੁਣ ਸਰਬ ਗੁਣਾਂ ਭਰਪੂਰ ਹੋ ਗਿਆ ਹੈ ਤੇ ਸਭ ਵਡਿਆਈਆਂ ਦਾ ਮਾਲਕ ਬਣਿਆ ਹੈ ਪਰ ਇਹ ਸਾਰਾ ਕੁਝ ਉਸ ਦੇ ਜੀਵਨ ਦੀ ਪ੍ਰੀਤ ਬੁਨਿਆਦ ਤੋਂ ਨਿਕਲਿਆ ਹੈ। ਅਮਲੀ ਰਹਸਵਾਦ (Practical mysticism) ਹੈ ਹੀ ਇਹ, ਜਿਸ ਵਿਚੋਂ ਸੇਵਾ ਤੇ ਉਪਕਾਰ ਸੁਤੇ ਵਹਿ ਤੁਰਦੇ ਹਨ। ਨਿਰੀਆਂ ਸਮਾਧੀਆਂ ਦਾ ਕੁਝ ਅਰਥ ਨਹੀਂ ਜੇ ਇਹਨਾਂ ਤੋਂ ਨੇਕੀ, ਉਪਕਾਰ ਤੇ ਸੇਵਾ ਨਹੀਂ ਉਪਜਦੇ ਤੇ ਸੇਵਾ ਸਫ਼ਲ ਵੀ ਉਹੋ ਹੈ ਜੋ ਪ੍ਰੀਤ ਦੀ ਬੁਨਿਆਦ ਤੋਂ ਨਿਕਲਦੀ ਹੈ, ਨਹੀਂ ਤਾਂ ਇਹ ਸਭ ਵਿਖਾਵਾ, ਦੰਭ ਤੇ ਹੰਕਾਰ ਹੋ ਕੇ ਰਹਿ ਜਾਂਦਾ ਹੈ; ਜਿਵੇਂ ਕਲਾ-ਕਾਰ ਪਿਛਾਂਹ ਹਟ ਕੇ ਆਪਣੀ ਕਲਾ ਦੇ ਨੁਕਸ ਵਧੇਰੇ ਅੱਛੀ ਤਰ੍ਹਾਂ ਵੇਖ ਸਕਦਾ ਹੈ ਤਿਵੇਂ ਸੇਵਕ ਵੀ ਆਤਮ-ਮੰਡਲ ਵਿਚ ਦਾਖ਼ਲ ਹੋ ਕੇ ਆਪਣਾ ਆਪ ਵੇਖਦਾ ਹੋਇਆ ਆਪਣੀ ਸੇਵਾ ਨੂੰ ਨਿਸ਼ਕਾਮ ਬਣਾਈ



Sri Satguru Jagjit Singh Ji eLibrary NamdhariElibrary@gmail.com

ਰੱਖਦਾ ਹੈ ਤੇ ਸਹੀ ਲਾਈਨਾਂ ਤੇ ਚਲਾਂਦਾ ਰਹਿੰਦਾ ਹੈ। ਮਾਨ, ਮੋਹ, ਲੋਭ ਵਿਕਾਰ ਆਦਿਕ ਉਸ ਦੇ ਮਨ ਅੰਦਰ ਰਹਿ ਨਹੀਂ ਸਕਦੇ ਕਿਉਂਕਿ ਉਹ ਤਾਂ ਕੇਵਲ ਪ੍ਰੀਤ ਨਿਭਾ ਰਿਹਾ ਹੁੰਦਾ ਹੈ ਤੇ ਉਸ ਦਾ ਆਪਣਾ ਆਪ ਇਸ ਵਿਚ ਹੁੰਦਾ ਹੀ ਨਹੀਂ।

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥

ਸਿਰੀ ਰਾਗ ਮਹਲਾ ੫ ॥ (ਪੰਨਾ ੧)

ਅਰਥਾਤ—ਜੋ ਮਨੁੱਖ ਮਾਨ ਜਾਂ ਅਪਮਾਨ [ਨਿਰਾਦਰੀ] ਦੇ ਅਸਰਾਂ ਹੇਠ ਹੈ ਉਹ ਸੇਵਕ ਨਹੀਂ ਹੈ।

ਸੱਚੇ ਸੇਵਕ ਵਿਚ ਨਿਮ੍ਰਤਾ, ਗ਼ਰੀਬੀ, ਮਿਠਾਸ ਅਤੇ ਪ੍ਰੇਮ ਪਿਆਰ ਆਦਿਕ ਦੈਵੀ ਗੁਣ ਪ੍ਰਬਲ ਰੂਪ ਵਿਚ ਆ ਗਏ ਹੁੰਦੇ ਹਨ।

ਭਾਈ ਬੁਧੂ ਨੇ ਇਕ ਸਿਪਾਹੀ ਨੂੰ ਰੋਟੀ ਪਕਾ ਦਿੱਤੀ, ਜੋ ਉਸ ਤੋਂ ਜਰਾ ਸੜ ਗਈ। ਸਿਪਾਹੀ ਨੇ ਰੋਹ ਵਿਚ ਆ ਕੇ ਭਾਈ ਜੀ ਨੂੰ ਚਪੇੜ ਕੱਢ ਮਾਰੀ। ਪਰ ਭਾਈ ਜੀ ਨੇ ਬੁਰਾ ਮਨਾਣ ਦੀ ਥਾਂ ਦੂਜੀ ਗੱਲ੍ਹ ਵੀ ਅੱਗੇ ਕਰ ਦਿੱਤੀ ਕਿ ਉਹਨਾਂ ਨੂੰ ਮੱਤ ਦਿੱਤੀ ਗਈ ਹੈ ਕਿ ਭਰਾਵਾਂ ਦੇ ਕੰਮ ਵਧੇਰੇ ਧਿਆਨ ਨਾਲ ਕੀਤੇ ਜਾਣੇ ਚਾਹੀਦੇ ਹਨ।

ਬਾਬਾ ਸ੍ਰੀ ਚੰਦ ਗੁਰੂ ਘਰ ਤੋਂ ਨਾਰਾਜ਼ ਹੋ ਕੇ ਚਲੇ ਗਏ ਹੋਏ ਸਨ। ਪਰ ਸਮੇਂ ਨਾਲ ਉਹਨਾਂ ਦੇ ਮਨੋਂ ਸਭ ਨਾਰਾਜ਼ਗੀਆਂ ਦੂਰ ਹੋ ਗਈਆਂ ਸਨ। ਬਿਰਧ ਉਮਰ ਵਿਚ ਗੁਰੂ ਰਾਮਦਾਸ ਜੀ ਨੂੰ ਮਿਲਣ ਆਏ ਤੇ ਜੋ ਵਰਤਾਲਾਪ ਹੋਈ ਉਸ ਨੂੰ ਕਵੀ ਸੰਤੋਖ ਸਿੰਘ ਨੇ ਇਉਂ ਬਿਆਨ ਕੀਤਾ ਹੈ :—

'ਸ੍ਰੀ ਚੰਦ ਤਕ ਗਿਰਾ ਉਚਾਰੀ, ਕਾਹੇ ਬਢਾਈ ਦਾੜੀ ਭਾਰੀ। ਰਾਮਦਾਸ ਗੁਰੂ ਨਿਮਰ ਹੋ ਹੈ ਕਹਿਉ ਆਪ ਸੇ ਸਾਧੂ ਜੋ ਹੈ, ਤਿਨ ਕੇ ਚਰਨ ਪੋਸਨੇ ਕਾਰਨ, ਇਹ ਕਹ ਲਗੇ ਚਰਨ ਇਹ ਝਾਰਨ। ਸ੍ਰੀ ਚੰਦ ਖ਼ੁਸ਼ ਹੋਏ ਉਚਾਰਾ, ਇਸੀ ਤੌਰ ਘਰ ਲੁਟਿਉ ਹਮਾਰਾ। ਅਬ ਜੋ ਕੁਝ ਬਾਕੀ ਥੀ ਮੋ ਪੈ, ਛੀਨ ਲਈ ਯੋਹੀ ਸਭ ਤੋ ਪੈ। ਨਿਮ੍ਰਤਾ ਭਗਤੀ ਕਰ ਸੇਵਾ, ਲਈ ਗੁਰਿਆਈ ਅੰਗਦ ਦੇਵਾ। ਹਮ ਗੁਰ ਕੇ ਸੁਤ ਛੂਛ ਰਹਾਏ, ਸੇਵਾ ਤੇ ਮੇਵਾ ਤੁਮ ਪਾਏ।'



Sri Satguru Jagjit Singh Ji eLibrary NamdhariElibrary@gmail.com

ਅਰਥਾਤ—ਸ੍ਰੀ ਚੰਦ ਜੀ ਨੇ ਗੁਰੂ ਰਾਮਦਾਸ ਜੀ ਤੋਂ ਪੁੱਛਿਆ ਕਿ ਉਨ੍ਹਾਂ ਏਡੀ ਵੱਡੀ ਦਾੜ੍ਹੀ ਕਿਸ ਲਈ ਰੱਖੀ ਹੋਈ ਹੈ ? ਗੁਰੂ ਰਾਮ ਦਾਸ ਜੀ ਨੇ ਨਿਮਰਤਾ ਸਹਿਤ ਉੱਤਰ ਦਿੱਤਾ ਕਿ ਇਹ ਦਾਹੜੀ ਬਾਬਾ ਸ੍ਰੀ ਚੰਦ ਵਰਗੇ ਸਾਧੂਆਂ ਦੇ ਚਰਨ ਝਾੜਨ ਲਈ ਹੈ। ਇਹ ਕਹਿੰਦਿਆਂ ਸਾਰ ਉਹਨਾਂ ਨੇ ਬਾਬਾ ਜੀ ਦੇ ਚਰਨ ਆਪਣੀ ਦਾਹੜੀ ਨਾਲ ਝਾੜਨੇ ਸ਼ੁਰੂ ਕਰ ਦਿੱਤੇ। ਬਾਬਾ ਸ੍ਰੀ ਚੰਦ ਖੁਸ਼ ਹੋ ਕੇ ਹਾਸ ਰਸ ਵਿਚ ਇਉਂ ਕਹਿਣ ਲੱਗੇ; 'ਸਾਡਾ ਘਰ ਇਸੇ ਤਰ੍ਹਾਂ ਲੁੱਟਿਆ ਗਿਆ ਸੀ। ਹੁਣ ਜੋ ਕੁਝ ਮੇਰੇ ਪਾਸ ਬਾਕੀ ਰਹਿ ਗਿਆ ਹੈ ਉਹ ਵੀ ਤੁਸਾਂ [ਗੁਰੂ ਰਾਮਦਾਸ ਜੀ ਨੇ] ਮੈਥੋਂ ਖੋਹ ਲਿਆ ਹੈ। ਨਿਮਰਤਾ ਤੇ ਭਗਤੀ ਭਾਵ ਵਿਚ ਰਹਿ ਕੇ ਸੇਵਾ ਕਰਨ ਨਾਲ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਪ੍ਰਾਪਤ ਕੀਤੀ ਸੀ। ਅਸੀਂ ਗੁਰੂ ਨਾਨਕ ਦੇ ਪੁੱਤਰ ਹੁੰਦੇ ਹੋਏ ਖ਼ਾਲੀ ਰਹੇ ਪਰ ਤੁਸਾਂ ਸੇਵਾ ਤੋਂ ਸਾਰੇ ਫਲ ਪ੍ਰਾਪਤ ਕਰ ਲਏ।'

ਦਾਤੂ ਜੀ ਨੇ ਗੁਰੂ ਅਮਰਦਾਸ ਜੀ ਨੂੰ ਭਰੀ ਮਹਿਫਲ ਵਿਚ ਲੱਤ ਮਾਰ ਕੇ ਉਹਨਾਂ ਦਾ ਮਾਣ ਭੰਗ ਕੀਤਾ ਪਰ ਉਹਨਾਂ ਗੁੱਸਾ ਨਹੀਂ ਖਾਧਾ, ਸਗੋਂ ਉਹਨਾਂ ਦੇ ਪੈਰ ਘੁੱਟਣੇ ਸ਼ੁਰੂ ਕਰ ਦਿੱਤੇ ਤੇ ਅਤਿ ਨਿਮਰਤਾ ਵਿਚ ਇਉਂ ਕਿਹਾ 'ਮੇਰੇ ਕਰੜੇ ਹੱਡਾਂ ਨਾਲ ਤੁਹਾਨੂੰ ਸੱਟ ਲੱਗੀ ਹੋਣੀ ਹੈ।'

ਇਸ ਕਿਸਮ ਦੀ ਨਿਮਰਤਾ ਦੀਆਂ ਕਈ ਸਾਖੀਆਂ ਹਨ ਜੋ ਦੱਸਦੀਆਂ ਹਨ ਕਿ ਸੱਚਾ ਸੇਵਕ ਸਭ ਦੈਵੀ ਗੁਣਾਂ ਦਾ ਮਾਲਕ ਹੁੰਦਾ ਹੈ ਤੇ ਉਹਨਾਂ ਗੁਣਾਂ ਵਿਚ ਗ਼ਰੀਬੀ ਭਾਵ ਸਭ ਤੋਂ ਮੋਹਰੇ ਹੁੰਦਾ ਹੈ।

ਜਿਉ ਧਰਤੀ ਧੀਰਜ ਧਰਮੁ ਮਸਕੀਨੀ ਮੂੜੀ।
ਸਭਦੂੰ ਨੀਵੀਂ ਹੋਇ ਰਹੀ ਤਿਸ ਮਣੀ ਨ ਕੂੜੀ।
ਕੋਈ ਹਰਿ ਮੰਦਰੁ ਕਰੈ ਕੋ ਕਰੈ ਅਰੂੜੀ।
ਜੇਹਾ ਬੀਜੈ ਸੋ ਲੂਣੇ ਫਲ ਅੰਬ ਲਸੂੜੀ।
ਜੀਵਦਿਆਂ ਮਰਿ ਜੀਵਣਾ ਜੁੜਿ ਗੁਰਮੁਖਿ ਜੂੜੀ।
ਲਤਾਂ ਹੇਠਿ ਲਤਾੜੀਐ ਗਤਿ ਸਾਧਾਂ ਧੂੜੀ।

(ਭਾਈ ਗੁਰਦਾਸ ਜੀ ਦੀ ਵਾਰ ੯ ਅਤੇ ਪਉੜੀ ੧੯)



Sri Satguru Jagjit Singh Ji eLibrary NamdhariElibrary@gmail.com

ਅਰਥਾਤ—ਧਰਤੀ ਦਾ ਧਰਮ ਧੀਰਜ ਹੈ ਤੇ ਉਹ ਗ਼ਰੀਬੀ ਭਾਵ ਦੀ ਪੁੰਜ ਹੈ। ਉਸ ਦਾ ਇਹ ਦਾਅਵਾ ਕੂੜਾ ਨਹੀਂ ਕਿ ਉਹ ਸਭ ਤੋਂ ਨੀਵੀਂ ਹੋ ਕੇ ਰਹਿੰਦੀ ਹੈ। ਚਾਹੇ ਉਸ ਤੇ ਕੋਈ ਹਰੀਮੰਦਰ ਉਸਾਰੇ ਤੇ ਚਾਹੇ ਉਸ ਨੂੰ ਰੂੜੀ ਦੇ ਤੌਰ ਤੇ ਵਰਤੇ (ਉਹ ਦੋਹਾਂ ਹਾਲਤਾਂ ਵਿਚ ਇਕੋ ਜਿਹੀ ਰਹਿੰਦੀ ਹੈ)। ਜਿਵੇਂ ਅੰਬ ਜਾਂ ਲਸੂੜੀ, ਜੋ ਕੁਝ ਵੀ ਉਸ ਤੇ ਕੋਈ ਬੀਜਦਾ ਹੈ, ਉਹੋ ਫਲ ਲੈਂਦਾ ਹੈ ਤਿਵੇਂ ਹੀ ਸਾਧੂ ਜਨ, ਜੀਵਨ ਭਾਵ ਤੋਂ ਗੁਰਾਂ ਦਵਾਰੇ ਮਰ ਕੇ ਰੱਬ ਵਿਚ ਜੁੜੇ ਰਹਿੰਦੇ ਹਨ। ਸਾਧੂਆਂ ਦੀ ਏਡੀ ਮਹਾਨ ਅਵਸਥਾ ਹੈ ਕਿ ਉਹ ਧਰਤੀ ਵਾਂਙ ਲੱਤਾਂ ਹੇਠ ਲਤਾੜੇ ਜਾ ਕੇ ਸਭ ਦੇ ਚਰਨਾਂ ਦੀ ਧੂੜੀ ਬਣੇ ਰਹਿੰਦੇ ਹਨ।

ਧਰਤੀ ਨੂੰ ਅਤਿ ਸੁੰਦਰ ਦ੍ਰਿਸ਼ਟਾਂਤ ਵਰਤ ਕੇ ਸੇਵਕ ਦਾ ਤਿਆਗ ਉਸ ਦੀ ਗ਼ਰੀਬੀ ਤੇ ਕੁਰਬਾਨੀ ਦਰਸਾਈ ਹੈ।

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥
ਸਲੋਕ ਫਰੀਦ ਜੀ ॥ [ਪੰਨਾ ੧੩੮੪]

ਅਰਥਾਤ—ਗ਼ਰੀਬੀ ਅੱਖਰ ਹੈ, ਖਿਮਾ ਗੁਣ ਹੈ ਤੇ ਜੀਭ ਦੀ ਮਿਠਾਸ ਕੀਮਤੀ ਮੰਤਰ ਹੈ। ਹੇ ਭੈਣ, ਜੇ ਤੂੰ ਇਹ ਤਿੰਨੇ ਗੁਣ ਆਪਣੇ ਵੇਸ ਵਿਚ ਦਾਖ਼ਿਲ ਕਰੇਂ ਤਾਂ ਤੇਰਾ ਕੰਤ ਤੇਰੇ ਵੱਸ ਹੋ ਜਾਏਗਾ।

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥
ਸਲੋਕ ਕਬੀਰ ਜੀ ॥ [ਪੰਨਾ ੧੩੭੭]

ਪ੍ਰਮਾਤਮਾ ਉਸ ਖੰਡ ਦੀ ਨਿਆਈਂ ਸਮਝ ਜੋ ਰੇਤ ਵਿਚ ਖਿਲਰੀ ਹੋਵੇ। ਹਾਥੀ ਇਸ ਨੂੰ ਚੁਣ ਨਹੀਂ ਸਕਦਾ, ਪਰ ਕੀੜੀ ਹੋ ਕੇ ਇਸ ਨੂੰ ਚੁਣ ਲਈਦਾ ਹੈ।

ਅਜਿਹਾ ਸੇਵਕ ਹੁਕਮੀ ਬੰਦਾ ਹੋ ਗਿਆ ਹੋਇਆ ਹੈ ਉਹ ਰੱਬ ਦਾ ਟਹਿਲੀਆ ਤੇ ਚਾਕਰ ਹੈ। ਇਸ ਲਈ ਉਸ ਦੀ ਹਉਮੈ ਰਹਿ ਹੀ ਨਹੀਂ ਸਕਦੀ। ਉਸ ਨੇ ਪ੍ਰਮਾਤਮਾ ਨਾਲ ਇਕ ਸੁਰ ਹੋ ਕੇ ਆਪਣੀ



Sri Satguru Jagjit Singh Ji eLibrary NamdhariElibrary@gmail.com

ਸਾਰੀ ਅਪਣੱਤ ਨੂੰ ਖ਼ਤਮ ਕੀਤਾ ਹੁੰਦਾ ਹੈ। ਉਸ ਦਾ ਆਪਾ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਆਰੰਭ ਦੇ ਸ਼ਬਦ ਵਿਚ ਇਸ ਪ੍ਰਕਾਰ ਦੇ ਹੁਕਮੀ ਬੰਦੇ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ।

ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਆ ॥
[ਪੰਨਾ ੧੦੦੦]

ਇਹੋ ਬਾਤ ਇਉਂ ਦੁਹਰਾਈ ਹੈ—

ਜੋ ਜੋ ਹੁਕਮੁ ਭਇਓ ਸਾਹਿਬੁ ਕਾ ਸੋ ਮਾਥੈ ਲੇ ਮਾਨਿਓ ॥੩॥
[ਪੰਨਾ ੧੦੦੦]

ਇਸ ਤਰ੍ਹਾਂ ਦੇ ਆਦਰਸ਼ਕ ਤੇ ਸੱਚੇ ਸੇਵਕ ਦਾ ਜੀਵਨ-ਨਿਸ਼ਾਨਾ ਉਸ ਪ੍ਰਮਾਤਮਾ ਦੀ ਪ੍ਰੀਤ ਨਿਬਾਹੁਣੀ ਬਣ ਗਿਆ ਹੈ। ਇਸ ਲਈ ਉਹ ਹੁਕਮੀ ਬੰਦਾ ਹੋ ਕੇ ਹੁਕਮ ਵਿਚ ਜੀਵਨ ਬਤੀਤ ਕਰਦਾ ਹੈ। ਉਸ ਨੂੰ ਜਿਵ ਜਿਵ ਹੁਕਮ ਹੁੰਦਾ ਹੈ ਤਿਵੇਂ ਤਿਵੇਂ ਉਸ ਦੀ ਕਾਰ ਹੋ ਜਾਂਦੀ ਹੈ। ਜਿਉਂ ਜਿਉਂ ਉਹ ਵਧੀਕ ਧਾਰਮਿਕ ਹੁੰਦਾ ਜਾਂਦਾ ਹੈ ਤਿਉਂ ਤਿਉਂ ਉਸ ਦਾ ਆਪਣਾ ਆਪ ਜਾਂ ਉਸ ਦੀ ਹਉਮੈ ਖ਼ੁਦੀ ਮਿਟਦੀ ਜਾਂਦੀ ਹੈ। ਮੁੜ, ਹੁਕਮ ਬੁਝਣਾ ਤੇ ਹੁਕਮ ਮੰਨਣਾ ਉਸ ਵਿਚ ਵਧੇਰੇ ਆਉਂਦਾ ਜਾਂਦਾ ਹੈ। ਸਿੱਖੀ ਅਨੁਸਾਰ ਇਹੋ ਜੀਵਨ ਦਾ ਮਨੋਰਥ ਹੈ—

ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥
ਆਸਾ ਮਹਲਾ ੧ ॥ [ਪੰਨਾ ੪੨੧]

ਅਰਥਾਤ—ਜੋ ਹਰੀ ਦੇ ਹੁਕਮ ਵਿਚ ਰਹਿੰਦਾ ਹੈ ਉਹ ਉਸ ਦੀ ਹਜ਼ੂਰੀ ਪ੍ਰਾਪਤ ਕਰਦਾ ਹੈ।"

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥
ਵਾਰ ਆਸਾ ਮਹਲਾ ੧ ॥ (ਪੰਨਾ ੪੭੧)

ਅਰਥਾਤ—"ਹੁਕਮ ਮੰਨ ਕੇ ਹੀ ਪ੍ਰਵਾਨ ਚੜ੍ਹੀਦਾ ਹੈ ਅਤੇ ਹਰੀ ਦਾ ਮਹਲ ਲੱਭਦਾ ॥"

ਗੁਰੂ ਅਮਰਦਾਸ ਜੀ ਇਸੇ ਬਾਤ ਨੂੰ ਆਪਣੇ ਤਜ਼ਰਬੇ ਦੇ ਅਨੁਸਾਰ



Sri Satguru Jagjit Singh Ji eLibrary NamdhariElibrary@gmail.com

ਇਉਂ ਲਿਖਦੇ ਹਨ :—

ਭਾਣੇ ਜੇਵਡ ਹੋਰ ਦਾਤਿ ਨਾਹੀ ॥

(ਪੰਨਾ ੧੦੯੩)

ਅਰਥਾਤ– "ਇਸ ਤੋਂ ਵੱਧ ਹੋਰ ਕਿਸੇ ਲਈ ਕੋਈ ਦਾਤ ਨਹੀਂ ਕਿ ਉਸ ਦੀ ਰਜ਼ਾਅ ਵਿਚ ਜੀਵਨ ਗੁਜ਼ਰੇ।"

ਇਤਿਹਾਸ ਦੱਸਦਾ ਹੈ ਕਿ ਗੁਰਗੱਦੀ ਦੀ ਮਹਾਨ ਜ਼ਿੰਮੇਵਾਰੀ ਲਈ ਵੀ ਯੋਗਤਾ ਦੀ ਪਰਖ, ਭਾਵੇਂ ਇਸ ਛੋਟੇ ਜਿਹੇ ਦਾਇਰੇ ਵਿਚ ਹੀ ਹੁੰਦੀ ਸੀ, ਕੇਵਲ ਇਸ ਕਸਵੱਟੀ ਨਾਲ ਕੀਤੀ ਜਾਂਦੀ ਸੀ ਕਿ ਜਿਸ ਪੁਰਸ਼ ਨੇ ਇਹ ਜ਼ਿੰਮੇਵਾਰੀ ਚੁੱਕਣੀ ਹੈ ਉਸ ਨੇ ਹੁਕਮ ਜਾਂ ਆਪਣੇ ਮਾਲਕ ਦੀ ਰਜ਼ਾ ਨੂੰ, ਕਿੰਨਾ ਕੁ ਸਹੀ ਬੁਝਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਕੰਧ ਦੀ ਉਸਾਰੀ ਤੇ ਲਾ ਦਿੱਤਾ। ਪਰ ਜਦ ਕੰਧ ਮੁਕੰਮਲ ਹੋ ਗਈ ਤਾਂ ਉਹਨਾਂ ਇਸ ਨੂੰ ਰੱਦ ਕਰਾਰ ਦੇ ਦਿੱਤਾ ਤੇ ਇਸ ਨੂੰ ਗਿਰਾ ਕੇ ਫਿਰ ਬਣਾਨ ਦਾ ਹੁਕਮ ਦੇ ਦਿੱਤਾ। ਇਹ ਕੰਧ ਫਿਰ ਬਣਾਈ ਗਈ ਪਰ ਫਿਰ ਅੱਗੇ ਵਾਂਙ ਢਹਾਈ ਵੀ ਗਈ। ਇਸ ਤਰ੍ਹਾਂ ਕਈ ਵਾਰ ਹੋਇਆ। ਮਾਤਾ ਸੁਲੱਖਣੀ ਜੀ ਨੂੰ ਲਹਿਣਾ ਜੀ 'ਤੇ ਤਰਸ ਆਇਆ ਤੇ ਉਹਨਾਂ ਭਾਈ ਜੀ ਨੂੰ ਪ੍ਰੇਰਿਆ ਕਿ ਉਹ ਇਸ ਤਰ੍ਹਾਂ ਦੇ ਅਰਥ ਹੁਕਮ ਮੰਨਣੋਂ ਨਾਂਹ ਕਰ ਦੇਣ। ਪਰ ਲਹਿਣਾ ਜੀ ਨੇ ਅਤੀ ਨਿਮ-ਰਤਾ ਨਾਲ ਉੱਤਰ ਦਿੱਤਾ ਕਿ ਉਹਨਾਂ ਦਾ ਕੰਮ ਮਾਲਕ ਦੇ ਹੁਕਮ ਦੀ ਪੜਚੋਲ ਕਰਨਾ ਨਹੀਂ, ਕੇਵਲ ਉਸ ਹੁਕਮ ਦੀ ਪਾਲਣਾ ਕਰਨਾ ਹੈ।

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥

ਵਾਰ ਆਸਾ ਮਹਲਾ ੨ ॥ (ਪੰਨਾ ੪੭੪)

ਅਰਥਾਤ "ਜੋ ਪੁਰਸ਼ ਪਹਿਲਾਂ ਮਾਲਕ ਨੂੰ ਸਲਾਮ ਕਰਦਾ ਹੈ ਪਰ ਉਸ ਨੂੰ ਜਵਾਬ ਵੀ ਦਿੰਦਾ ਰਹਿੰਦਾ ਹੈ, ਉਹ ਮੂਲੋਂ ਹੀ ਖੁੰਝਿਆ ਪਿਆ ਹੈ।"

ਹੋਰ: ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥



Sri Satguru Jagjit Singh Ji eLibrary NamdhariElibrary@gmail.com

ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥

ਵਾਰ ਆਸਾ ਮਹਲਾ ੨ ॥ (ਪੰਨਾ ੪੭੪)

ਅਰਥਾਤ - ਜੋ ਪੁਰਸ਼ ਰੱਬ ਦੇ ਕਿਸੇ ਇਕ ਹੁਕਮ ਨੂੰ ਚੰਗਾ ਕਰਕੇ ਮੰਨਦਾ ਹੈ ਤੇ ਕਿਸੇ ਦੂਜੇ ਨੂੰ ਮੰਦਾ, ਉਹ ਅਜੇ ਹਿਸਾਬਾਂ ਵਿਚ ਹੈ। ਇਸ ਲਈ ਉਹ ਰੱਬ ਦਾ ਪੂਰਾ ਪ੍ਰੇਮੀ ਨਹੀਂ।

ਬਾਬਾ ਸ੍ਰੀ ਚੰਦ ਜੀ ਬੇਸ਼ੱਕ ਬੜੇ ਤਿਆਗੀ ਸਾਧੂ ਸਨ, ਪਰ ਹੁਕਮ ਉਨ੍ਹਾਂ ਵੀ ਨਹੀਂ ਸੀ ਬੁਝਿਆ। ਮੋਹਰੀ ਜੀ ਵਿਚ ਵੀ ਇਹੋ ਵੱਡੀ ਕਸਰ ਸੀ ਤੇ ਮਹਾਂਦੇਵ ਜੀ ਵੀ ਇਥੋਂ ਹੀ ਉਕੇ ਸਨ। ਪਰ ਜੋ ਇਹ ਕਸਵੱਟੀ 'ਤੇ ਪੂਰਾ ਉਤਰਿਆ ਉਹੋ ਪੂਰਨ ਗਿਣਿਆ ਗਿਆ। ਗੁਰੂ ਸਾਹਿਬ ਨੇ ਸਿੱਖਾਂ ਦੀਆਂ ਜ਼ਿੰਦਗੀਆਂ ਏਸੇ ਇਕ ਟਕਸਾਲ ਤੇ ਘੜੀਆਂ ਸਨ। ਭਾਈ ਭਿਖਾਰੀ ਵਰਗੇ ਸਿੱਖ ਪੈਦਾ ਕੀਤੇ, ਜਿਨ੍ਹਾਂ ਹੁਕਮੀ ਬੰਦੇ ਦਾ ਅਦੁੱਤੀ ਨਮੂਨਾ ਬਣ ਕੇ ਵਿਖਾਇਆ। ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਮਨੀ ਸਿੰਘ, ਭਾਈ ਸੁਬੇਗ ਸਿੰਘ ਆਦਿਕ ਨੇ ਦੁਨੀਆਂ ਨੂੰ ਦੰਗ ਕਰ ਦਿੱਤਾ ਕਿ ਸੱਚੇ ਆਸ਼ਕ ਕੌਣ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਹੁਕਮੀ ਸੇਵਕ ਦੀਆਂ ਆਦਰਸ਼ਕ ਮਿਸਾਲਾਂ ਬਣ ਕੇ ਵਿਖਾਇਆ ਸੀ। ਜਿਵੇਂ ਸਰੀਰ ਦੇ ਭਾਵੇਂ ਕਈ ਅੰਗ ਹਨ ਤੇ ਉਨ੍ਹਾਂ ਦੇ ਕੰਮ ਵੀ ਆਪਣੇ ਆਪਣੇ ਹਨ ਪਰ ਜੇ ਕੋਈ ਅੰਗ ਸਾਰੇ ਸਰੀਰ ਨਾਲ ਮਿਲ ਕੇ ਨਾ ਚੱਲੇ ਤਾਂ ਇਸ ਦਾ ਨਤੀਜਾ ਦੁੱਖ ਕਸ਼ਟ ਜਾਂ ਰੋਗ ਨਿਕਲਦਾ ਹੈ ਤੇ ਮਿਲ ਕੇ ਚੱਲਣ ਨਾਲ ਸੁੱਖ ਹੋ ਜਾਂਦਾ ਹੈ। ਇਸੇ ਤਰ੍ਹਾਂ ਸਾਰੇ ਜਗਤ ਵਿਚ ਵਰਤ ਰਹੇ ਪ੍ਰਮਾਤਮਾ ਦੇ ਅਟੱਲ ਹੁਕਮ ਅਨੁਸਾਰ ਇਕ ਸੁਰ ਹੋ ਕੇ ਤੁਰਨਾ ਹੀ ਸਫ਼ਲ ਜੀਵਨ ਦੀ ਜ਼ਰੂਰੀ ਸ਼ਰਤ ਹੈ, ਨਹੀਂ ਤਾਂ ਕਸ਼ਟ ਤੇ ਦੁੱਖ ਟਲ ਨਹੀਂ ਸਕਦੇ। ਇਸ ਦਾ ਭਾਵ ਇਹ ਹੈ ਕਿ ਮਨੁੱਖੀ ਜੀਵਨ ਦਾ ਮਨੋਰਥ ਹੁਕਮੀ ਜੀਵਨ ਪ੍ਰਾਪਤ ਕਰਨਾ ਹੈ। ਪਰ ਹੁਕਮੀ ਜੀਵਨ ਦੇ ਦੋ ਅੰਗ ਹੁੰਦੇ ਹਨ, ਇਕ ਹੁਕਮ ਨੂੰ ਬੁੱਝਣਾ ਤੇ ਇਕ ਹੁਕਮ ਨੂੰ ਮੰਨਣਾ। ਗੁਰਬਾਣੀ ਵਿਚ ਇਨ੍ਹਾਂ ਦੋਹਾਂ ਅੰਗਾਂ ਦਾ ਜ਼ਿਕਰ ਨਿਖੜ ਕੇ ਆਉਂਦਾ ਹੈ। ਸਮਝਣ ਸਮਝਾਣ ਲਈ ਕੁਝ ਤੁਕਾਂ ਦੇਂਦੇ ਹਾਂ।



Sri Satguru Jagjit Singh Ji eLibrary NamdhariElibrary@gmail.com

ਆਗਿਆ ਮਾਨਿ ਜਾਨਿ ਸੁਖੁ ਪਾਇਆ ॥

ਨਟ ਮਹਲਾ ੫ ॥ (ਪੰਨਾ ੯੭੯)

ਅਰਥਾਤ—"ਆਗਿਆ [ਹੁਕਮ] ਬੁਝ ਕੇ ਹੁਕਮ ਮੰਨ ਕੇ ਅਸਾਂ ਸੁਖ ਪ੍ਰਾਪਤ ਕਰ ਲਿਆ ਹੈ।"

ਇਥੇ ਇਕ ਆਗਿਆ ਜਾਨਣੀ ਹੈ ਤੇ ਇਕ ਆਗਿਆ ਮੰਨਣੀ ਦੱਸੀ ਗਈ ਹੈ।

ਨਾਨਕ ਹੁਕਮੈ ਜੇ ਬੂਝੈ ਤ ਹਉਮੈ ਕਹੈ ਨ ਕੋਇ ॥

ਜਪੁ ਜੀ ਸਾਹਿਬ [ਗੁਰੂ ਨਾਨਕ] ॥ [ਪੰਨਾ ੧]

ਹੁਕਮੈ ਬੁਝੈ ਸਦਾ ਸੁਖੁ

ਗਉੜੀ ਮਹਲਾ ੫ ॥ (ਪੰਨਾ ੨੫੬)

ਏਥੇ ਹੁਕਮ ਨੂੰ ਕੇਵਲ ਬੁਝਣ ਦਾ ਜ਼ਿਕਰ ਹੈ :

ਹੁਕਮਿ ਮੰਨਿਐ ਹੋਵੈ ਪਰਵਾਣੁ ॥

ਵਾਰ ਆਸਾ ਮਹਲਾ ੫ ॥ (ਪੰਨਾ ੪੭੧)

ਇਸ ਤੁਕ ਵਿਚ ਹੁਕਮ ਮੰਨਣ ਦੀ ਹਦਾਇਤ ਹੈ।

ਨਾਨਕ ਹੁਕਮੈ ਜੇ ਬੁਝੈ ਤਾਂ ਹਉਮੈ ਕਹੈ ਨ ਕੋਇ ॥

ਉਤਲੀਆਂ ਤੁਕਾਂ ਤੋਂ ਪ੍ਰਗਟ ਹੈ ਕਿ ਹੁਕਮ ਬੁਝਣਾ ਅਤੇ ਹੁਕਮ ਮੰਨਣਾ ਦੋ ਵੱਖ ਵੱਖ ਚੀਜ਼ਾਂ ਹਨ। ਉਹਨਾਂ ਦੋਹਾਂ ਵਿਚ ਜੋ ਫ਼ਰਕ ਹੈ ਉਸ ਨੂੰ ਨਾ ਸਮਝ ਕੇ ਹੁਕਮ ਜਾਂ ਭਾਣੇ ਨੂੰ ਬੜਾ ਮਹਦੂਦ ਜਿਹੇ ਅਰਥਾਂ ਵਿਚ ਲੈ ਲਿਆ ਜਾਂਦਾ ਹੈ। ਪ੍ਰਚੱਲਤ ਖ਼ਿਆਲ ਇਹ ਹੈ ਕਿ ਜੇ ਕੋਈ ਕਸ਼ਟ ਆ ਪਵੇ ਜਾਂ ਧਨ ਬਰਬਾਦ ਹੋ ਜਾਏ ਜਾਂ ਕੋਈ ਸੰਬੰਧੀ ਮਾਰਿਆ ਜਾਏ ਜਾਂ ਘਰ ਵਿਚ ਬੀਮਾਰ ਪੈ ਜਾਏ ਤਾਂ ਇਸ ਨੂੰ ਰੱਬ ਦਾ ਹੁਕਮ ਸਮਝ ਕੇ ਇਸ ਅੱਗੇ ਸਿਰ ਝੁਕਾ ਦੇਣਾ, ਇਹ ਹੀ ਉਸ ਦਾ ਹੁਕਮ ਮੰਨਣਾ ਹੈ ਤੇ ਅਗ੍ਹਾਂ ਬਸ। ਪਰ ਇਹ ਖ਼ਿਆਲ ਇਸ ਹੱਦ ਤੱਕ ਠੀਕ ਹੀ ਹੈ। ਇਸ ਵਿਚ ਸ਼ੱਕ ਨਹੀਂ ਕਿ ਇਸ ਤਰ੍ਹਾਂ ਆਤਮਾ ਨੂੰ ਸ਼ਾਂਤੀ ਤੇ ਸਬਰ ਸੰਤੋਖ ਜ਼ਰੂਰ ਮਿਲ ਜਾਂਦੇ ਹਨ। ਸਮੁੱਚੇ ਤੌਰ 'ਤੇ ਸਿਆਣਪ ਵੀ ਏਸੇ ਵਿਚ ਹੈ ਕਿ ਜਿਸ ਚੀਜ਼ ਨੂੰ ਟਾਲਿਆ ਨਹੀਂ ਜਾ ਸਕਦਾ



Sri Satguru Jagjit Singh Ji eLibrary NamdhariElibrary@gmail.com

ਉਸ 'ਤੇ ਦੁੱਖੀ ਹੋਣਾ ਜਾਂ ਉਸ ਬਾਬਤ ਸ਼ਿਕਵਾ ਸ਼ਿਕਾਇਤ ਕਰਨਾ ਬੇਅਰਥ ਹੈ। ਗੁਰੂ ਅਰਜਨ ਦੇਵ ਜੀ ਸਮਝਾਂਦੇ ਹਨ।

ਜਿਸ ਠਾਕੁਰ ਸਿਉ ਨਾਹੀ ਚਾਰਾ।
ਤਾ ਕਉ ਕੀਜੈ ਸਦ ਨਮਸਕਾਰਾ॥
ਗਉੜੀ ਸੁਖਮਨੀ ਮਹਲਾ ੫॥ (੨੬੮)

ਅਰਥਾਤ—ਜਿਸ ਮਾਲਕ ਦੇ ਸਾਹਮਣੇ ਕੋਈ ਚਾਰਾ ਨਹੀਂ ਚੱਲਣਾ ਉਸ ਅੱਗੇ ਸਿਰ ਝੁਕਾ ਦੇਣਾ ਚਾਹੀਦਾ ਹੈ।

ਇਹ ਮਾਨਸਿਕ ਦਸ਼ਾ ਇਸ ਪੱਖੋਂ ਚੰਗੀ ਹੈ ਪਰ ਇਸ ਤੋਂ ਬਹੁਤ ਵੱਡੀ ਦਸ਼ਾ ਹੋਰ ਹੋ ਸਕਦੀ ਹੈ। ਉਹ ਇਹ ਹੈ ਕਿ ਉਸ ਦੇ ਹੁਕਮ ਨੂੰ ਪਹਿਲਾਂ ਬੁਝ ਕੇ ਉਸ ਅਨੁਸਾਰ ਸਾਰਾ ਜੀਵਨ ਬਣਾਇਆ ਜਾਏ ਅਰਥਾਤ ਹੁਕਮੀ ਸੇਵਕ ਹੋ ਕੇ ਜੀਵਨ ਤੋਰਿਆ ਜਾਏ। ਜੇ ਇਹ ਹੋ ਜਾਏ ਤਾਂ ਇਸ ਦਾ ਕੁਦਰਤੀ ਨਤੀਜਾ ਇਹ ਆਪੇ ਹੀ ਹੋ ਜਾਣਾ ਹੋਇਆ ਕਿ ਹਰ ਘਟਨਾ ਨੂੰ ਰੱਬ ਵਲੋਂ ਹੋਈ ਮੰਨ ਕੇ ਉਸ ਨੂੰ ਪਰ-ਵਾਣ ਕਰ ਲਿਆ ਜਾਏ। ਜਦ ਆਪਣਾ ਆਪ ਹੀ ਮਿਟ ਗਿਆ ਤਾਂ ਖੇਦ ਕਿਸ ਗੱਲ ਦਾ ਹੋਣਾ ਹੋਇਆ? ਸੁੱਖਾਂ ਦੁੱਖਾਂ ਨੂੰ ਮੁੜ ਸਮਾਨਤਾ ਦੀ ਨਜ਼ਰ ਨਾਲ ਵੇਖਣ ਦਾ ਸੁਭਾਵਿਕ ਆਦੀ ਹੋ ਜਾਈਦਾ ਹੈ। ਪਰ ਸਮਝਣ ਵਾਲੀ ਗੱਲ ਇਹ ਹੈ ਕਿ ਉਸ ਹੁਕਮ ਨੂੰ ਇਨ੍ਹਾਂ ਚੋੜੇ ਅਰਥਾਂ ਵਿਚ ਕੋਈ ਬੁਝੇ ਕਿਵੇਂ? ਇਹ ਕਿਵੇਂ ਪਤਾ ਲੱਗੇ ਕਿ ਉਸ ਦਾ ਇਹ ਹੁਕਮ ਹੈ ਤੇ ਇਹ ਨਹੀਂ ਹੈ? ਪ੍ਰਮਾਤਮਾ ਨਿਰਾਕਾਰ ਹੈ ਤੇ ਆਪਣਾ ਹੁਕਮ ਬੋਲ ਕੇ ਤਾਂ ਦੱਸਦਾ ਨਹੀਂ। ਫਿਰ ਹੁਕਮ ਬੁਝਣਾ ਕੀ ਹੋਇਆ? ਇਸ ਦਾ ਉੱਤਰ ਜਪੁ ਜੀ ਵਿਚ ਇਉਂ ਦਿੱਤਾ ਗਿਆ ਹੈ।

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥ (ਪੰਨਾ ੧)

ਅਰਥਾਤ—ਉਸ ਦੇ ਹੁਕਮ ਵਿਚ ਰਹਿਣ ਦੀ ਸੂਝ ਆਪਣੇ ਅੰਦਰੋਂ ਹੋ ਜਾਂਦੀ ਹੈ ਕਿਉਂਕਿ ਇਹ ਆਪਣੇ ਨਾਲ ਹੀ ਲਿਖਿਆ ਹੁੰਦਾ ਹੈ।

ਇਸ ਦਾ ਭਾਵ ਹੀ ਇਹ ਹੈ ਕਿ ਉਸ ਦੇ ਹੁਕਮਾਂ ਦਾ ਪ੍ਰਕਾਸ਼ ਸਭ ਦੇ ਅੰਦਰ ਤਾਂ ਹੈ ਕਿਉਂਕਿ ਉਹ ਆਪ ਸਭ ਦੇ ਅੰਦਰ ਵੱਸ ਰਿਹਾ



Sri Satguru Jagjit Singh Ji eLibrary NamdhariElibrary@gmail.com

ਹੈ। ਮਨੁੱਖੀ ਆਤਮ, ਮਨ, ਤਨ ਤੇ ਭਾਵਾਂ ਵਿਚ ਉਸ ਦਾ ਹੁਕਮ ਠੀਕ ਉਕਰਿਆ ਹੋਇਆ ਹੈ। ਹਰ ਮਨੁੱਖ ਦੇ ਅੰਦਰ ਉਸ ਰੱਬ ਦੀ ਜੋਤ ਹੈ ਜੋ ਉਸ ਦੇ ਹੁਕਮ ਦਾ ਪਤਾ ਦਿੰਦੀ ਰਹਿੰਦੀ ਹੈ ਤੇ ਜਿਸ ਨੂੰ ਅੰਦਰ ਦੀ ਆਵਾਜ਼ ਵੀ ਕਿਹਾ ਜਾਂਦਾ ਹੈ। ਆਪਣੇ ਨਿਰੋਲ ਰੂਪ ਵਿਚ ਹਰ ਮਨੁੱਖ ਦੀ ਸ਼ੁੱਧ ਆਤਮਾ ਤੋਂ ਉਸ ਦੇ ਹੁਕਮ ਦਾ ਪਤਾ ਲੱਗਣਾ ਚਾਹੀਦਾ ਹੈ। ਪਰ ਇਸ ਵਿਚ ਸ਼ੱਕ ਨਹੀਂ ਕਿ ਇਸ ਅੰਦਰ ਦੀ ਜੋਤ ਦਾ ਪ੍ਰਕਾਸ਼ ਕਈ ਵਾਰ ਮੱਧਮ ਵੀ ਪੈ ਜਾਂਦਾ ਹੈ। ਇਸ ਦਾ ਕਾਰਨ ਹਉਮੈ ਹੈ। ਗੁਰੂ ਅਮਰਦਾਸ ਜੀ ਇਸ ਕਾਰਨ ਨੂੰ ਵੀ ਦੱਸਦੇ ਹਨ :

ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥

ਵਡਹੰਸ ਮਹਲਾ ੩ ॥ (ਪੰਨਾ ੫੬੦)

ਅਰਥਾਤ—ਹਉਮੈ ਵਿਚ ਭਗਤੀ ਨਹੀਂ ਹੋ ਸਕਦੀ ਤੇ ਇਸ ਲਈ ਹੁਕਮ ਬੁਝਿਆ ਨਹੀਂ ਜਾ ਸਕਦਾ।

ਹੋਰ : ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥

ਵਡਹੰਸ ਮਹਲਾ ੩ ॥ (ਪੰਨਾ ੫੬੦)

ਅਰਥਾਤ—ਨਾਮੀ ਪਰਮਾਤਮਾ ਅਤੇ ਹਉਮੈ ਦਾ ਪ੍ਰਸਪਰ ਵਿਰੋਧ ਹੈ। ਦੋਵੇਂ ਇਕੋ ਦਿਲ ਵਿਚ ਵੱਸ ਨਹੀਂ ਸਕਦੇ।

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

ਜਪੁ ਜੀ ਸਾਹਿਬ ॥ (ਪੰਨਾ ੧)

ਅਰਥਾਤ - ਜੋ ਪੁਰਸ਼ ਹੁਕਮ ਨੂੰ ਬੁਝ ਲੈਂਦਾ ਹੈ ਫਿਰ ਉਹ ਹਉਮੈ ਵਿਚ ਨਹੀਂ ਹੁੰਦਾ।

ਜੋ ਪੁਰਸ਼ ਖੁਦੀ ਮੇਟ ਦਿੰਦਾ ਹੈ ਉਸ ਦੀ ਜੋਤ ਜਗ ਪੈਂਦੀ ਹੈ ਤੇ ਉਹ ਸੁਤੇ ਹੀ ਹੁਕਮ ਬੁਝਦਾ ਹੈ। ਫਿਰ ਉਹ ਹੁਕਮੀ ਬੰਦਾ ਹੋ ਗਿਆ ਹੁੰਦਾ ਹੈ।

ਇਸ ਜੋਤ ਨੂੰ ਜਗਾਣ ਦਾ ਇਕ ਹੋਰ ਪ੍ਰਬੰਧ ਵੀ ਹੈ ਤੇ ਉਹ ਇਹ ਹੈ ਕਿ ਜਿਨ੍ਹਾਂ ਮਹਾਂਪੁਰਸ਼ਾਂ ਨੇ ਉਸ ਦੇ ਹੁਕਮ ਨੂੰ ਜਾਣਿਆ ਹੈ, ਭਾਵ ਜਿਨ੍ਹਾਂ ਦੇ ਪਵਿੱਤਰ ਸ਼ੀਸ਼ੇ ਵਰਗੇ ਦਿਲਾਂ 'ਤੇ ਉਸ ਦੇ ਹੁਕਮ ਦਾ ਅਕਸ



Sri Satguru Jagjit Singh Ji eLibrary NamdhariElibrary@gmail.com

ਪਿਆ ਹੈ, ਉਹਨਾਂ ਦੇ ਦੱਸੇ ਅਨੁਸਾਰ ਆਪਣੇ ਜੀਵਨ ਨੂੰ ਤੋਰਨਾ। ਭਾਵ ਇਹ ਹੈ ਕਿ ਉਹਨਾਂ ਮਹਾਂਪੁਰਸ਼ਾਂ ਦੀ ਆਗਿਆ ਵਿਚ ਜੀਵਨ ਰੌਂ ਨੂੰ ਚਲਾਣਾ, ਇਹ ਵੀ ਉਸ ਪ੍ਰਮਾਤਮਾ ਦਾ ਹੁਕਮ ਬੁੱਝ ਕੇ ਉਸ ਦੀ ਆਗਿਆ ਵਿਚ ਤੁਰਨ ਦੇ ਤੁੱਲ ਹੈ। ਗੁਰੂ ਅਜਿਹਾ ਮਹਾਂਪੁਰਸ਼ ਹੈ ਜਿਸ ਦੇ ਸ਼ਬਦ ਦੁਆਰਾ ਹਰੀ ਦਾ ਹੁਕਮ ਪ੍ਰਗਟ ਹੋਇਆ ਹੁੰਦਾ ਹੈ। ਇਸ ਲਈ ਉਸ ਦੇ ਸ਼ਬਦ ਨੂੰ ਵੀ ਹਰੀ ਦਾ ਹੁਕਮ ਸਮਝਿਆ ਜਾ ਸਕਦਾ ਹੈ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥
ਵਾਰ ਆਸਾ ਮਹਲਾ ੧ ॥ [ਪੰਨਾ ੪੬੬]

ਅਰਥਾਤ—ਹਉਮੈ ਚੰਦਰਾ ਰੋਗ ਜ਼ਰੂਰ ਹੈ ਪਰ ਦਾਰੂ ਭੀ ਇਸ ਦੇ ਅੰਦਰ ਹੀ ਹੈ। ਜੇ ਗੁਰੂ ਦੀ ਕ੍ਰਿਪਾ ਨਾਲ ਸ਼ਬਦ ਦੀ ਕਮਾਈ ਕੀਤੀ ਜਾਏ ਤਾਂ ਹੇ ਸੰਤ ਜਨ, ਇਸ ਹਉਮੈ ਦਾ ਦੁੱਖ ਮੁੱਕ ਜਾਂਦਾ ਹੈ ਤੇ ਹੁਕਮਿ ਬੁੱਝਿਆ ਜਾਂਦਾ ਹੈ।

ਇਸ ਸ਼ਬਦ ਦੀ ਕਮਾਈ ਨਾਲ ਹਉਮੈ ਕੱਟੀ ਦੀ ਹੈ ਤੇ ਜੋਤ ਜਗਦੀ ਹੈ। ਜਿਉਂ ਜਿਉਂ ਹਿਰਦਾ-ਰੂਪੀ ਸ਼ੀਸ਼ਾ ਸਾਫ਼ ਹੁੰਦਾ ਜਾਏਗਾ ਤਿਉਂ ਤਿਉਂ, ਉਸ ਹਰੀ ਦੀ ਰਜ਼ਾ ਨੂੰ ਸਾਫ਼ ਸਾਫ਼ ਵੇਖਿਆ ਜਾ ਸਕੇਗਾ। ਸਿੱਧਾਂ ਨੂੰ ਵੀ ਇਸ ਕਿਸਮ ਦਾ ਤੌਖ਼ਲਾ ਹੋਇਆ ਸੀ। ਉਹਨਾਂ ਗੁਰੂ ਜੀ ਤੋਂ ਇਸ ਪ੍ਰਕਾਰ ਪੁੱਛਿਆ ਸੀ—"ਜਿਸ ਦੇ ਹੁਕਮ ਦਾ ਅਸੀਂ ਬਾਰ ਬਾਰ ਜ਼ਿਕਰ ਕਰਦੇ ਹੋ ਉਹ ਕੀ ਹੈ?"

ਮਹਾਰਾਜ ਦਾ ਉੱਤਰ ਧਿਆਨ ਨਾਲ ਵਿਚਾਰਨ ਵਾਲਾ ਹੈ:—

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥
ਰਾਮਕਲੀ ਸਿਧ ਗੋਸਟ ਮਹਲਾ ੧ ॥ [ਪੰਨਾ ੯੪੦]

ਅਰਥਾਤ—ਹੁਕਮ ਅਸਚਰਜ [ਬਿਆਨ ਤੋਂ ਬਾਹਰ] ਹੈ ਪਰ ਹੁਕਮ ਵਿਚ ਤੁਰਿਆਂ ਇਸ ਹੁਕਮ ਦੀ ਪਛਾਣ ਹੁੰਦੀ ਹੈ ਤੇ ਫਿਰ ਸੱਚੀ ਜੀਵਨ-ਜੁਗਤ ਲੱਭ ਜਾਂਦੀ ਹੈ।



Sri Satguru Jagjit Singh Ji eLibrary NamdhariElibrary@gmail.com

ਹੁਕਮ ਕਿਉਂਕਿ ਅਸਚਰਜ ਹੈ, ਇਹ ਗੱਲਾਂ ਨਾਲ ਦੱਸਿਆ ਨਹੀਂ ਜਾ ਸਕਦਾ, ਇਸ ਸਮਝ ਦਾ ਸੰਬੰਧ ਅਸਲ ਨਾਲ ਹੈ।

ਹੁਕਮੁ ਨ ਕਹਿਆ ਜਾਈ ॥ (ਪੰਨਾ ੧)

ਹੁਕਮ ਲਈ ਹੁਕਮ ਵਿਚ ਤੁਰਿਆਂ ਹੀ ਹੁਕਮ ਦੀ ਸਮਝ ਆਂਵਦੀ ਹੈ ਤੇ ਜੀਵਨ-ਜੁਗਤ ਲੱਭਦੀ ਹੈ। ਆਪੇ ਨੂੰ ਪਰਮਾਤਮਾ ਰੂਪ ਗੁਰੂ ਦੀ ਮੁਕੰਮਲ ਤਾਬੇਦਾਰੀ ਅੰਦਰ ਲਿਆਉਣਾ ਪੈਂਦਾ ਹੈ। ਗੁਰੂ ਦੇ ਹਵਾਲੇ ਪੂਰਨ ਤੌਰ 'ਤੇ ਹੋ ਕੇ ਆਪੇ ਨੂੰ ਖ਼ਤਮ ਹੀ ਕਰ ਦੇਣਾ ਹੁੰਦਾ ਹੈ, ਅਰਥਾਤ ਉਸ ਦਾ ਹੱਥਿਆਰ ਬਣ ਕੇ ਜਿਵੇਂ ਜਿਵੇਂ ਉਹ ਚਲਾਏ ਤਿਵੇਂ ਤਿਵੇਂ ਚੱਲਦਾ ਹੁੰਦਾ ਹੈ ਇਸ ਮੁਕੰਮਲ ਤਾਬੇਦਾਰੀ ਤੋਂ ਫਿਰ ਸਾਰੇ ਕੰਮ ਸੁਤੇ ਹੀ ਹੁਕਮ ਅਨੁਸਾਰ ਹੁੰਦੇ ਰਹਿੰਦੇ ਹਨ।

ਜੇਤਾ ਬੋਲਣੁ ਤੇਤਾ ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥
ਜੇਤਾ ਪੇਖਨੁ ਤੇਤਾ ਧਿਆਨੁ ॥ (ਪੰਨਾ ੨੩੬)

ਅਰਥਾਤ– ਜੋ ਵੀ ਉਹ (ਹੁਕਮੀ ਬੰਦਾ) ਬੋਲਦਾ ਹੈ ਗਿਆਨ ਹੈ, ਜੋ ਉਹ ਸੁਣਦਾ ਹੈ ਨਾਮ ਤੇ ਜੋ ਉਹ ਵੇਖਦਾ ਹੈ ਧਿਆਨ ਹੈ।

ਹੁਕਮੀ ਬੰਦਾ ਤਾਂ ਖ਼ੁਦ ਇਕ ਰੱਬੀ ਵਿਸਮਾਦ ਹੈ। ਉਸ ਦੀ ਅਤੇ ਉਸ ਦੇ ਕੰਮਾਂ ਦੀ ਸਮਝ ਹੀ ਨਹੀਂ ਪੈਂਦੀ ਕਿਉਂਕਿ ਉਸ ਨੇ ਆਪਣੇ ਹੱਥ ਕੁਝ ਰੱਖਿਆ ਹੀ ਨਹੀਂ ਹੁੰਦਾ। ਉਹ ਆਪਣੇ ਮਾਲਕ ਦੇ ਹੱਥ ਵਿਚ ਹੁੰਦਾ ਹੈ ਤੇ ਜਿਵੇਂ ਉਹ ਉਸ ਨੂੰ ਚਲਾਂਦਾ ਹੈ ਤਿਵੇਂ ਉਹ ਚੱਲਦਾ ਹੈ। ਉਹ ਕਿਸੇ ਵੇਲੇ ਸੇਵਕ ਦੇ ਰੂਪ ਵਿਚ ਵਿਚਰਦਾ ਹੈ ਪਰ ਕਦੇ ਕਦੇ ਚੁੱਪ ਕਰਕੇ ਲਾਂਭੇ ਬੈਠਾ ਹੁਕਮ ਦੀ ਉਡੀਕ ਕਰ ਰਿਹਾ ਹੁੰਦਾ ਹੈ। ਉਹ ਕਦੇ ਸ਼ਹੀਦੀ ਪਾਣ ਲਈ ਤਿਆਰੀਆਂ ਵਿਚ ਲੱਗਾ ਹੁੰਦਾ ਹੈ ਤੇ ਕਦੇ ਲੰਮੀਆਂ ਪ੍ਰਚਾਰ-ਸਕੀਮਾਂ ਬਣਾ ਰਿਹਾ ਹੈ। ਕਦੇ ਸਾਲ-ਹਾ-ਸਾਲ ਦੀਆਂ ਮਿਹਨਤਾਂ ਨਾਲ ਸਾਹਿਤ ਤਿਆਰ ਕਰ ਰਿਹਾ ਹੈ ਅਤੇ ਕਦੇ ਕਦਾਈਂ ਸ਼ਸਤਰਧਾਰੀ ਹੋ ਕੇ ਰਣ ਵਿਚ ਵਿਰੋਧੀਆਂ ਦੇ ਆਹੂ ਲਾਂਹਦਾ ਹੋਇਆ ਬੜੇ ਭਿਆਨਕ ਰੂਪ ਵਿਚ ਵੀ ਹੋ ਜਾਂਦਾ ਹੈ। ਮੁੱਕਦੀ ਗੱਲ ਇਹ ਹੈ ਕਿ ਸਦਾ ਅੰਦਰ ਵੱਸਦੇ ਰੱਬ ਦੀ ਆਵਾਜ਼ ਸੁਣਦਾ ਹੈ ਤੇ ਉਸ ਅਨੁਸਾਰ ਚੱਲਦਾ ਹੈ। ਸੱਚਮੁੱਚ ਹੁਕਮ



Sri Satguru Jagjit Singh Ji eLibrary NamdhariElibrary@gmail.com

ਵਿਸਮਾਦ ਹੈ ਪਰ ਇਸ ਦੀ ਸਮਝ ਤੇ ਇਸ ਦਾ ਅਨੰਦ ਹੁਕਮ ਵਿਚ ਚਲਿਆਂ ਹੀ ਆਉਂਦਾ ਹੈ।

ਏਥੇ ਇਕ ਹੋਰ ਬਾਤ ਜ਼ਿਕਰ ਯੋਗ ਹੈ। ਇਕ ਪਾਸੇ ਮਹਾਰਾਜ ਕਹਿੰਦੇ ਹਨ ਕਿ ਹੁਕਮ ਨੂੰ ਬੁੱਝ ਕੇ ਉਸ ਨੂੰ ਮੰਨਣਾ ਤੇ ਉਸ ਅਨੁ-ਸਾਰ ਤੁਰਨਾ ਹੈ ਤੇ ਦੂਜੇ ਪਾਸੇ ਕਹਿੰਦੇ ਹਨ ਕਿ ਹੁਕਮ ਨੂੰ ਮੰਨ ਕੇ ਤੇ ਉਸ ਅਨੁਸਾਰ ਤੁਰ ਕੇ ਹੀ ਹੁਕਮ ਬੁੱਝਣਾ ਹੁੰਦਾ ਹੈ। ਇਹ ਦੋਵੇਂ ਖ਼ਿਆਲ ਪ੍ਰਸਪਰ ਵਿਰੋਧੀ ਹਨ। ਜਿਵੇਂ ਕੋਈ ਉਸਤਾਦ ਆਪਣੇ ਸ਼ਾਗਿਰਦ ਨੂੰ ਇਕ ਸਮੇਂ ਕਹਿੰਦਾ ਹੈ ਕਿ ਇਕ ਕਾਇਦੇ ਨੂੰ ਸਮਝ ਕੇ ਹੀ ਸਵਾਲ ਹੱਲ ਕੀਤੇ ਜਾ ਸਕਦੇ ਹਨ ਤੇ ਫਿਰ ਦੂਜੇ ਸਮੇਂ ਇਹ ਕਹਿ ਦਿੰਦਾ ਹੈ ਕਿ ਸਵਾਲਾਂ ਦੀ ਮਸ਼ਕ ਕੀਤਿਆਂ ਹੀ ਇਹ ਕਾਇਦਾ ਚੰਗੀ ਤਰ੍ਹਾਂ ਸਮਝ ਵਿਚ ਆ ਸਕੇਗਾ। ਇਹਨਾਂ ਦੋਹਾਂ ਬਾਤਾਂ ਵਿਚ ਕੋਈ ਪ੍ਰਸਪਰ ਵਿਰੋਧੀ ਨਹੀਂ ਸਗੋਂ ਦੋਵੇਂ ਬਾਤਾਂ ਇਕੱਠੀਆਂ ਚਲ-ਦੀਆਂ ਹਨ। ਜਿਨ੍ਹਾਂ ਨੂੰ ਸ਼ਬਦ ਦੀ ਕਮਾਈ ਨਾਲ ਜੀਵਨ ਜੁਗਤ ਲੱਭ ਜਾਂਦੀ ਹੈ ਉਹਨਾਂ ਤੋਂ ਮੁੜ ਸਹਜ ਸੁਭਾਇ ਉਹ ਕੰਮ ਹੁੰਦੇ ਹਨ ਜੋ ਵਾਹਿਗੁਰੂ ਨੂੰ ਭਾਂਵਦੇ ਹਨ ਅਰਥਾਤ ਜੋ ਉਸ ਦਾ ਹੁਕਮ ਹੁੰਦਾ ਹੈ। ਉਨ੍ਹਾਂ ਦਾ ਫਿਰ ਧਰਮ ਨਾਲ ਏਨਾ ਪੱਕਾ ਨਾਤਾ ਹੋ ਜਾਂਦਾ ਹੈ ਕਿ ਧਰਮ ਦੇ ਰਾਹ ਨੂੰ ਕਦੇ ਨਹੀਂ ਛੱਡ ਸਕਦੇ। ਉਸ ਰਾਹ ਤੇ ਦੁੱਖ ਕਸ਼ਟ ਪਏ ਆਉਣ, ਪਰ ਉਹ ਬਿਨਾਂ ਡੋਲੇ ਤੁਰੀ ਜਾਂਦੇ ਹਨ ਇਤਨਾ ਖ਼ੂਬਸੂਰਤ ਇਹ ਦ੍ਰਿਸ਼ ਹੈ ਹੁਕਮੀ ਬੰਦੇ ਦਾ! ਜਿਸ ਪੁਰਸ਼ ਨੇ ਆਪਣੀ ਖੁਦੀ ਮੇਟ ਕੇ ਸਾਰੇ ਜਗਤ ਨੂੰ ਆਪਣਾ ਬਣਾ ਲਿਆ ਹੈ ਉਸ ਨੂੰ ਸਾਰੇ ਜਗਤ ਦਾ ਫ਼ਿਕਰ ਹੋ ਗਿਆ ਹੈ ਇਸ ਲਈ ਉਹ ਸਭ ਤੋਂ ਵੱਧ ਉਦਮੀ ਹੈ ਤੇ ਸਭ ਤੋਂ ਵੱਧ ਮਿਹਨਤੀ ਹੈ। ਇਹ ਵਿਚਾਰ ਹਾਸੋ-ਹੀਣਾ ਹੈ ਕਿਉਂਕਿ ਕਰਤਾਰ ਵਲੋਂ ਜੋ ਹੁਕਮ ਹੈ ਉਹ ਅਵੱਸ਼ ਹੋ ਕੇ ਰਹਿਣਾ ਹੈ ਤੇ ਟਲ ਨਹੀਂ ਸਕਦਾ, ਇਸ ਲਈ ਆਪਣੇ ਕਿਸੇ ਯਤਨ ਦੀ ਨਾ ਥਾਂ ਹੈ ਤੇ ਨਾ ਲੋੜ। ਗੁਰੂ ਅਰਜਨ ਦੇਵ ਜੀ ਵਰਗੇ ਮਹਾਂਪੁਰਸ਼ਾਂ ਦੇ ਜੀਵਨ ਇਕ ਪਾਸੇ ਹੁਕਮ ਮੰਨਣ ਦੀ ਕਮਾਲ ਹੱਦ ਤਕ ਚਲੇ ਗਏ ਹਨ ਤੇ ਦੂਜੇ ਪਾਸੇ ਉਦਮ, ਉਤਸ਼ਾਹ, ਚੜ੍ਹਦੀਆਂ ਕਲਾ ਤੇ ਅਣਥੱਕ ਮਿਹਨਤ ਨਾਲ ਭਰੇ ਪਏ ਸਨ। ਉਨ੍ਹਾਂ ਦਾ ਜੀਵਨ ਸਗੋਂ ਇਹ ਪ੍ਰਗਟ



Sri Satguru Jagjit Singh Ji eLibrary NamdhariElibrary@gmail.com

ਕਰਦਾ ਹੈ ਕਿ ਹੁਕਮੀ ਬੰਦੇ ਸਭ ਤੋਂ ਵੱਧ ਉਦਮੀ ਹੁੰਦੇ ਹਨ। ਪਰ ਫ਼ਰਕ ਇਹ ਹੋ ਗਿਆ ਹੁੰਦਾ ਹੈ ਕਿ ਉਹ ਸਾਰੇ ਕਾਜ ਹਉਮੈ ਰਹਿਤ ਹੋ ਕੇ ਤੇ ਆਪਣੇ ਮਾਲਕ ਦੀ ਕਾਰ ਸਮਝ ਕੇ ਕਰਦੇ ਹਨ।

ਇਹ ਹੈ ਮਹਾਰਾਜ ਦੇ ਅਕੀਦੇ ਅਨੁਸਾਰ ਹੁਕਮੀ ਸੇਵਕ ਦਾ ਜੀਵਨ ਆਦਰਸ਼। ਹਰ ਮਨੁੱਖ ਦੇ ਸਾਹਮਣੇ ਕੋਈ ਜੀਵਨ ਮਨੋਰਥ ਜਾਂ ਆਦਰਸ਼ ਹੁੰਦਾ ਹੈ -ਕੁਝ ਪ੍ਰਾਪਤ ਕਰਨਾ ਜਾਂ ਕੁਝ ਬਣਨਾ। ਕੋਈ ਵਿਦਵਾਨ ਬਣਨਾ ਚਾਹੁੰਦਾ ਹੈ, ਕੋਈ ਧਨ, ਇੱਜ਼ਤ ਜਾਂ ਰਸੂਖ ਲੋੜਦਾ ਹੈ, ਕੋਈ ਬਹਾਦਰ, ਤਪੱਸਵੀ, ਯੋਧਾ, ਜੋਗੀ, ਮੋਨੀ, ਗਿਆਨੀ ਜਾਂ ਧਿਆਨੀ ਹੋਣਾ ਚਾਹੁੰਦਾ ਹੈ, ਪਰ ਇਹ ਸਭ ਕੁਝ ਪ੍ਰਾਪਤ ਕਰਕੇ ਵੀ ਉਸ ਨੂੰ ਕੋਈ ਥੁੜ ਜਾਂ ਖਲਾਅ ਮਹਿਸੂਸ ਹੁੰਦਾ ਰਹਿੰਦਾ ਹੈ, ਕਿਉਂਕਿ ਉਸ ਦੇ ਅੰਦਰ ਦੀ ਭੁੱਖ ਲਹਿੰਦੀ ਨਹੀਂ।

"ਭੁਖਿਆ ਭੁਖ ਨ ਉਤਰੀ" ਜਪੁ ਜੀ ਸਾਹਿਬ ॥ (ਪੰਨਾ ੧)

ਗੁਰੂ ਸਾਹਿਬ ਉਹ ਆਦਰਸ਼ ਦੱਸਦੇ ਹਨ ਜਿਸ ਦੀ ਪ੍ਰਾਪਤੀ ਨਾਲ ਸਭ ਭੁੱਖਾਂ ਲਹਿ ਜਾਂਦੀਆਂ ਹਨ। ਉਹ ਆਦਰਸ਼ ਹੈ ਹੁਕਮੀ ਬੰਦਾ ਜਾਂ ਸੇਵਕ ਹੋਣ ਦਾ। ਅੰਤ ਵਿਚ ਅਸੀਂ ਹੁਕਮੀ ਬੰਦੇ ਸੰਬੰਧੀ ਹੋਈ ਵਿਚਾਰ ਨੂੰ ਇਕ ਹੋਰ ਸ਼ਬਦ ਨਾਲ ਸਮਝਣ ਦਾ ਯਤਨ ਕਰਦੇ ਹਾਂ :—

ਲਾਲੁ ਚੋਲਨਾ ਤੈ ਤਨਿ ਸੋਹਿਆ ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ ॥ ੧ ॥ ਕਵਨ ਬਨੀ ਰੀ ਤੇਰੀ ਲਾਲੀ ॥ ਕਵਨ ਰੰਗਿ ਤੂੰ ਭਈ ਗੁਲਾਲੀ ॥ ੧ ॥ ਰਹਾਉ ॥ ਤੁਮ ਹੀ ਸੁੰਦਰਿ ਤੁਮਹਿ ਸੁਹਾਗੁ ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ ॥ ੨ ॥ ਤੂੰ ਸਤਵੰਤੀ ਤੂੰ ਪਰਧਾਨਿ ॥ ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ ॥ ੩ ॥ ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ ॥ ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲ ॥ ੪ ॥ ਸੁਨਿ ਰੀ ਸਖੀ ਇਹ ਹਮਰੀ ਘਾਲ ॥ ਪ੍ਰਭ ਆਪਿ ਸੀਗਾਰਿ ਸਵਾਰਨਹਾਰ ॥ ਰਹਾਉ ਦੂਜਾ ॥

ਆਸਾ ਮਹਲਾ ੫ ॥ [ਪੰਨਾ ੩੮੪]



Sri Satguru Jagjit Singh Ji eLibrary NamdhariElibrary@gmail.com

ਅਰਥਾਤ—"ਹੇ ਸਖੀ, ਲਾਲ ਰੰਗ ਦਾ ਇਹ ਚੋਲਾ ਤੇਰੇ ਤਨ ਨਾਲ ਸੋਹਣਾ ਲੱਗ ਰਿਹਾ ਹੈ। ਉਸ ਸੁਰਜਨ ਹਰੀ ਨੂੰ ਤੂੰ ਭਾਈ ਹੈਂ, ਤਾਂ ਹੀ ਤੂੰ ਉਸ ਦਾ ਮਨ ਮੋਹਨ ਜੋਗੀ ਹੋਈ ਹੈਂ। ਤੇਰੀ ਇਹ ਲਾਲੀ ਕਿਵੇਂ ਬਣੀ ਹੈ ਤੇ ਕਿਸ ਰੰਗ ਦੇ ਚੜ੍ਹਨ ਨਾਲ ਤੂੰ ਗੂੜ੍ਹੇ ਸੁਰਖ ਰੰਗ ਵਾਲੀ ਹੋਈ ਹੈਂ ? ਤੂੰ ਸੁੰਦਰੀ ਹੈਂ ਤੇ ਤੈਨੂੰ ਹੀ ਸੁਹਾਗ ਸ਼ੋਭਾ ਦਿੰਦਾ ਹੈ। ਤੇਰੇ ਘਰ ਤੇਰਾ ਪਿਆਰਾ ਵੱਸਦਾ ਹੈ, ਇਸ ਲਈ ਤੇਰੇ ਘਰ ਸਭ ਭਾਗ ਹਨ। ਤੂੰ ਸਤ ਵਾਲੀ ਤੇ ਪਰਧਾਨ ਹੈਂ। ਤੂੰ ਪ੍ਰੀਤਮ ਨੂੰ ਭਾ ਗਈ ਹੈਂ ਤੇ ਉਚੇ ਗਿਆਨ ਵਾਲੀ ਹੋਈ ਹੈਂ।" ਅੱਗੇ ਉੱਤਰ ਹੈ— ਮੈਂ ਪ੍ਰੀਤਮ ਦੀ ਪ੍ਰਸੰਨਤਾ ਪ੍ਰਾਪਤ ਕਰ ਲਈ ਹੈ ਤੇ ਤਾਂ ਹੀ ਮੈਨੂੰ ਲਾਲੀ ਚੜ੍ਹੀ ਹੈ। ਹੇ ਨਾਨਕ ਕਹੁ "ਮੈਂ ਪ੍ਰੀਤਮ ਦੀ ਚੰਗੀ ਨਜ਼ਰ ਨਾਲ ਨਿਹਾਲ ਹੋਈ ਹਾਂ।" ਹੇ ਸਖੀ, ਸੁਣ ਉਸ ਦੀ ਮਿਹਰ ਦੀ ਨਜ਼ਰ ਹੀ ਹੋਈ ਹੈ ਤੁਸੀਂ ਭਾਵੇਂ ਇਸ ਨੂੰ ਸਾਡੀ ਘਾਲਣਾ ਸਮਝ ਲਓ। ਪਰ ਅਸਲ ਗੱਲ ਇਹ ਹੈ ਕਿ ਮਾਲਕ ਆਪ ਹੀ ਸ਼ਿੰਗਾਰ ਕੇ ਸਵਾਰਣ ਵਾਲਾ ਹੈ ਸਾਡੇ ਆਪਣੇ ਵਲੋਂ ਕੀਤੇ ਯਤਨ ਕੁਝ ਸਵਾਰ ਨਹੀਂ ਸਕੇ।

ਇਸ ਸ਼ਬਦ ਵਿਚ ਇਕ ਆਗਿਆਕਾਰ ਇਸਤਰੀ ਦਾ ਅਲੰਕਾਰ ਲਿਆ ਗਿਆ ਹੈ। ਇਕ ਰਸੀਏ ਭਗਤ ਦੀ ਉਚੀ ਸ਼ਾਨ ਤੇ ਅਨੰਦ ਵਾਲੀ ਹਾਲਤ ਨੂੰ ਵੇਖ ਕੇ ਕੋਈ ਹੋਰ ਰਸੀਆ ਪੁੱਛਦਾ ਹੈ ਕਿ ਇਹ ਇਲਾਹੀ ਸ਼ਾਨ ਕਿਥੋਂ ਆਈ ਹੈ ? ਉੱਤਰ ਮਿਲਦਾ ਹੈ ਕਿ ਇਹ ਵਾਹਿਗੁਰੂ ਦੀ ਕਿਰਪਾ ਦਾ ਫਲ ਹੈ, ਕਿਸੇ ਆਪਣੀ ਸਿਆਣਪ ਜਾਂ ਘਾਲ ਦਾ ਸਿੱਟਾ ਨਹੀਂ। ਸਭ ਕੁਝ ਉਸ ਤੇ ਛੱਡ ਦਿੱਤਾ ਗਿਆ ਸੀ ਤੇ ਉਸ ਨੇ ਆਪ ਹੀ ਕਿਰਪਾ ਕਰਕੇ ਸਭ ਫਲ ਲਾਏ ਹਨ।

ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਸਥਾਪਤ ਕੀਤੇ ਹੋਏ ਸਿੱਖ ਪੰਥ ਦੇ ਤਖ਼ਤ

# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
# ਸ੍ਰੀ ਅਨੰਦਪੁਰ ਸਾਹਿਬ

ਦੇ ਇਤਿਹਾਸ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

ਸ੍ਰੀ ਅਨੰਦਪੁਰ ਸਾਹਿਬ ਵਿਚ ਮਨੁੱਖੀ ਆਤਮਾ ਦੀ ਖੁਸ਼ੀਆਂ ਭਰੀ



Sri Satguru Jagjit Singh Ji eLibrary NamdhariElibrary@gmail.com

ਸ਼ਕਤੀ ਕਈ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਸੀ । ਹਰ ਨਵੇਂ ਦਿਨ ਨਵੇਂ ਖ਼ਿਆਲ ਵਾਯੂ-ਮੰਡਲ ਵਿਚ ਫੈਲ ਜਾਂਦੇ ਸਨ ਅਤੇ ਖ਼ਾਲਸਾ ਪੰਥ ਨਵਿਆਂ ਰੰਗਾਂ ਵਿਚ ਰੰਗਿਆ ਜਾਂਦਾ ਸੀ। ਸੇਵਾ ਪੰਥੀ, ਨਿਰਮਲੇ ਤੇ ਸਹਿਜਧਾਰੀ ਨਵੇਂ ਨਵੇਂ ਉੱਚੇ ਤੇ ਚਮਕੀਲੇ ਫੈਸਲੇ ਕਰਦੇ ਸਨ ਅਤੇ ਇਹਨਾਂ ਸਾਰਿਆਂ ਤੋਂ ਪਿਛੇਰੇ ਤੇ ਉਚੇਰੇ ਸਨ ਅਕਾਲੀ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਇਸ ਧਰਤੀ ਦੀ ਮਲ ਮੈਲ ਤੋਂ ਸਾਫ਼ ਕਰ ਲਿਆ ਸੀ ਅਤੇ ਉਹ ਸੰਸਾਰ ਦੇ ਇਸ ਮਾਇਆ ਰੂਪੀ ਜਾਲ ਤੋਂ ਬਿਲਕੁੱਲ ਸੁਤੰਤਰ ਹੋ ਕੇ ਗੁਰੂ ਦੇ ਸੁਪਨਿਆਂ ਨਾਲ ਇਕਮਿਕ ਹੋ ਗਏ ਸਨ। ਸੇਵਾ-ਪੰਥੀਆਂ ਨੇ ਸੇਵਾ ਦੇ ਕਰਤੱਵਾਂ ਲਈ ਆਪਣੇ ਆਪ ਨੂੰ ਅਰਪਣ ਕੀਤਾ ਤੇ ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੈੱਡ-ਕਰਾਸ (ਸੁਰਖ਼-ਸਲੀਬ) ਦੀ ਨੀਂਹ ਰੱਖੀ ਜਿਸ ਨੇ ਮਿੱਤਰਾਂ ਤੇ ਵੈਰੀਆਂ ਦੀ ਇਕੋ ਜਿਹੀ ਸੇਵਾ ਕੀਤੀ । ਉਹ ਜੰਗ ਦੇ ਮੈਦਾਨ ਵਿਚ ਆਪਣੀ ਪਿੱਠ ਤੇ ਪਾਣੀ ਚੁੱਕ ਕੇ ਲੈ ਜਾਂਦੇ ਸਨ ਅਤੇ ਜ਼ਖ਼ਮਾਂ ਤੇ ਪਿਆਸ ਨਾਲ ਮਰ ਰਹੇ ਬੰਦਿਆਂ ਦੇ ਬੁਲ੍ਹਾਂ ਨਾਲ ਪਾਣੀ ਦਾ ਰਹਿਮ ਵਾਲਾ ਬਾਟਾ ਲਾਉਂਦੇ ਸਨ। ਜੰਗ ਦੇ ਮੈਦਾਨ ਨੂੰ ਪਾਣੀ ਪਿਲਾਉਣ ਲਈ ਜਾਂਦੇ ਹੋਏ ਉਹ ਮੁੱਢਲੀ ਮਲ੍ਹਮ ਪੱਟੀ ਦਾ ਸਾਮਾਨ ਵੀ ਆਪਣੇ ਨਾਲ ਲੈ ਜਾਂਦੇ ਸਨ ਅਤੇ ਜੱਰਾਹੀ (ਚੀਰ-ਫਾੜ ਕਰਨ) ਤੇ ਔਸ਼ਧੀ (ਦਵਾਈ) ਦੇ ਇਲਮ (ਇਲਾਜ) ਵੀ ਉਹ ਸਿੱਖਦੇ ਸਨ । ਨਿਰਮਲਿਆਂ ਨੇ ਆਪਣੇ ਆਪ ਨੂੰ ਵਿਦਿਆ ਪ੍ਰਾਪਤ ਕਰਨ 'ਤੇ ਲਗਾ ਦਿੱਤਾ। ਉਨ੍ਹਾਂ ਸੰਸਕ੍ਰਿਤ ਤੇ ਵੇਦਾਂਤ ਪੜ੍ਹਿਆ ਅਤੇ ਦੇਸ਼ ਭਰ ਵਿਚ ਵਿੱਦਿਆ ਫੈਲਾਣ ਅਤੇ ਉਸ (ਕਿਤਾਬਾਂ, ਪੁਸਤਕਾਂ) ਸਾਹਿਤ ਨੂੰ ਪਹੁੰਚਾਉਣ ਲਈ ਤੁਰ ਪਏ ਜੋ ਸ੍ਰੀ ਅਨੰਦਪੁਰ ਸਾਹਿਬ ਵਿਚ ਰਚਿਆ ਗਿਆ ਸੀ। ਪ੍ਰੋਫ਼ੈਸਰ ਪੂਰਨ ਸਿੰਘ ਜੀ ਦੀ ਅੰਗਰੇਜ਼ੀ ਪੁਸਤਕ 'ਦਸ ਗੁਰੂ ਸਾਹਿਬਾਨ' ਵਿਚੋਂ ।

ਅਫ਼ਸੋਸ ਹੈ ਕਿ ਸਿੱਖਾਂ ਅੰਦਰ ਹੁਣ ਇਹ ਜਜ਼ਬਾ ਕਮਜ਼ੋਰ ਹੁੰਦਾ ਜਾ ਰਿਹਾ ਹੈ, ਸਗੋਂ ਸਾਰੇ ਭਾਰਤ ਅੰਦਰ ਹੀ ਇਸ ਦੀ ਘਾਟ ਦਿਖਾਈ ਦਿੰਦੀ ਹੈ। ਮਹਿਰਿਸ਼ੀ ਰਾਬਿੰਦਰ ਨਾਥ ਟੈਗੋਰ ਜੀ ਨੇ ਇਸ ਘਾਟ ਦਾ ਜ਼ਿਕਰ ਆਪਣੀ ਅੰਗਰੇਜ਼ੀ ਦੀ ਪੁਸਤਕ Creative Unity (ਰਚਨਾਤਮਿਕ



Sri Satguru Jagjit Singh Ji eLibrary NamdhariElibrary@gmail.com

ਏਕਤਾ) ਦੇ An Eastern University (ਪੂਰਬੀ ਮਹਾਂ-ਵਿਦਿਆਲਾ) ਅਧਿਆਇ ਵਿਚ ਇਉਂ ਕੀਤਾ ਹੈ :—

"ਕਿਸੇ ਸਮੇਂ ਭਾਰਤ ਵਿਚ ਸਾਡੇ ਭਾਰਤੀਆਂ ਪਾਸ ਇਕ ਐਸੀ ਸ਼ੈਅ ਹੁੰਦੀ ਸੀ ਜਿਸ ਨੂੰ ਅਸੀਂ ਆਪਣਾ ਨਿਵੇਕਲਾ ਮਨ ਕਹਿ ਸਕਦੇ ਹਾਂ। ਤਦੋਂ ਇਹ ਮਨ ਜਿਉਂਦਾ ਜਾਗਦਾ ਸੀ। ਇਹ ਸੋਚਦਾ ਸੀ; ਇਹ ਆਪਣਾ ਆਪ ਪ੍ਰਗਟਾਉਂਦਾ ਵੀ ਸੀ। ਇਹ ਬਾਹਰੋਂ ਪ੍ਰਭਾਵ ਕਬੂਲਦਾ ਸੀ ਤੇ ਨਾਲ ਹੀ ਉਸਾਰੂ ਹੋ ਜਾਂਦਾ ਸੀ। ਇਹ ਗੱਲ ਕਿ ਸਾਡੇ ਮਨ ਦਾ ਦਾ ਕੋਈ ਲਾਭ ਹੈ ਸਾਡੀ ਵਿਦਿਆ ਪ੍ਰਾਪਤੀ ਦੇ ਦੌਰਾਨ ਜਾਂ ਇਸ ਦੇ ਅੰਤ ਤੇ ਸਾਡੇ ਮੌਜੂਦਾ (ਆਧੁਨਿਕ) ਵਿਦਿਅਕ ਪ੍ਰਬੰਧ ਵਿਚ ਅੱਖੋਂ ਓਹਲੇ ਕਰ ਦਿੱਤੀ ਗਈ ਹੈ। ਸਾਡੀਆਂ ਇਮਾਰਤਾਂ ਹਨ, ਪੁਸਤਕਾਂ ਹਨ ਅਤੇ ਕਈ ਹੋਰ ਸ਼ਾਨਦਾਰ ਅਡੰਬਰ ਹਨ ਜੋ ਸਾਡੇ ਮਨ ਨੂੰ ਕੇਵਲ ਦਬਾਣ ਦਾ ਹੀ ਕੰਮ ਕਰਦੇ ਹਨ। ਇਸ ਮਨ ਨੂੰ ਤਾਂ ਹੁਣ ਇਉਂ ਸਮਝਿਆ ਜਾਂਦਾ ਹੈ ਕਿ ਮਾਨੋ ਲਾਇਬਰੇਰੀ ਦੀ ਇਕ ਲੱਕੜੀ ਦੀ ਅਲਮਾਰੀ ਹੈ ਜਿਸ ਵਿਚ ਚਮੜਾ ਜਿਲਦ-ਸੈਂਚੀਆਂ ਸਾਨੂੰ ਬਾਸੀ ਜਿਹੀ ਜਾਣਕਾਰੀ ਦੇਣ ਲਈ ਰੱਖੀਆਂ ਜਾਣੀਆਂ ਹਨ। ਸਿੱਟਾ ਇਹ ਹੋਇਆ ਹੈ ਕਿ ਇਸ ਮਨ ਦੀ ਰੂਪ ਰੇਖਾ ਤੇ ਇਸ ਦਾ ਰੰਗ ਹੀ ਉਡ ਗਏ ਹਨ। ਇਸ ਨੇ ਮਾਨੋ, ਕਿਸੇ ਰੰਗ-ਸਾਜ਼ ਦੀ ਦੁਕਾਨ ਤੋਂ ਮਾਂਗਵਾਂ ਪਾਲਿਸ਼ ਲੈ ਆਂਦਾ ਹੋਇਆ ਹੈ। ਇਸ ਸਾਰੇ ਵਿਦਿਅਕ ਅਡੰਬਰ ਉੱਤੇ ਅਸਾਂ ਧਨ ਗਵਾਇਆ ਹੈ ਅਤੇ ਨਾਲ ਹੀ ਆਪਣੇ ਸੂਖ਼ਮ ਖ਼ਿਆਲ, ਇਸ ਤੋਂ ਜੋ ਦਿਮਾਗ਼ੀ ਖ਼ਲਾਅ ਉਪਜਿਆ ਹੈ ਉਸ ਨੂੰ ਅਸਾਂ ਭਰਿਆ ਹੈ ਐਸੀ ਚੀਜ਼ ਨਾਲ ਜਿਸ ਨੂੰ ਸਰਕਾਰੀ ਰਿਪੋਰਟਾਂ ਵਿਚ ਵਿੱਦਿਆ ਆਖਿਆ ਜਾਂਦਾ ਹੈ। ਸੱਚੀ ਗੱਲ ਇਹ ਹੈ ਕਿ ਅਸਾਂ ਮਾਨੋ ਆਪਣੀਆਂ ਅੱਖਾਂ ਦੇ ਕੇ, ਐਨਕਾਂ ਖ਼ਰੀਦੀਆਂ ਹਨ। 'ਰਚਨਾਤਮਿਕ ਏਕਤਾ' ਪੁਸਤਕ ਵਿਚੋਂ।

ਭਾਰਤੀਆਂ ਦਾ ਆਪਣਾ ਨਿਵੇਕਲਾ ਮਨ ਕਿਵੇਂ ਬਣਦਾ ਸੀ ਇਸ ਗੱਲ ਨੂੰ ਟੈਗੋਰ ਜੀ ਨੇ ਇਉਂ ਸਮਝਾਇਆ ਹੈ

## ਜੰਗਲ ਵਾਸੀਆਂ ਦਾ ਧਰਮ

ਇਸ ਵੱਡੀ ਦੁਨੀਆਂ ਦੇ ਸਨਮੁੱਖ ਅਸੀਂ ਖੜ੍ਹੇ ਹਾਂ। ਸਾਡੇ ਜੀਵਨ



Sri Satguru Jagjit Singh Ji eLibrary NamdhariElibrary@gmail.com

ਦੀ ਸੱਚਾਈ ਕੀ ਹੈ ? ਇਸ ਦੇ ਉੱਤਰ ਦਾ ਨਿਰਭਰ ਸਾਡੇ ਆਪਣੇ ਹੀ ਮਨ ਦੇ ਇਸ ਵੱਲ ਵਰਤਾਓ ਤੋਂ ਮਿਲੇਗਾ—ਉਹ ਵਰਤਾਓ ਜੋ ਉਪਜਦਾ ਹੈ ਸਾਡੇ ਇਸ ਵੱਲ ਵਰਤਾਓ ਦੀ ਆਦਤ ਤੋਂ ਜਿਹੜਾ ਕਿ ਸਾਡੇ ਆਲੇ-ਦੁਆਲੇ ਦੇ ਖ਼ਾਸ ਹਾਲਾਤ ਅਤੇ ਸਾਡੇ ਸੁਭਾਵਾਂ ਅਨੁਸਾਰ ਹੀ ਹੁੰਦਾ ਹੈ। ਇਹੋ ਸਾਡੇ ਯਤਨਾਂ ਦੀ ਅਗਵਾਈ ਕਰਦਾ ਹੈ ਕਿ ਅਸੀਂ ਸੰਸਾਰ ਨਾਲ ਆਪਣੇ ਸੰਬੰਧ ਸੰਸਾਰ ਨੂੰ ਆਪਣੇ ਤਾਬਿਆ ਕਰਨ ਲਈ ਬਣਾਉਂਦੇ ਹਾਂ ਜਾਂ ਇਸ ਨਾਲ ਏਕਤਾ ਦੀ ਸਾਂਝ ਪਾਉਣ ਲਈ ਅਰਥਾਤ ਇਸ ਉੱਤੇ ਆਪਣੀ ਤਾਕਤ ਖੜ੍ਹੀ ਕਰਨ ਲਈ ਜਾਂ ਇਸ ਨਾਲ ਹਮਦਰਦੀ ਬਣਾਉਣ ਲਈ ਅਤੇ ਇਸ ਤਰ੍ਹਾਂ ਆਪਣੀ ਜੀਵਨ-ਹੋਂਦ ਦੀ ਸੱਚਾਈ ਪ੍ਰਾਪਤ ਕਰ-ਦਿਆਂ, ਅਸੀਂ ਜਾਂ ਤਾਂ ਦਵੈਤ ਦੇ ਨਿਯਮ 'ਤੇ ਜ਼ੋਰ ਦੇ ਰਹੇ ਹੁੰਦੇ ਹਾਂ ਜਾਂ ਏਕਤਾ ਦੇ ਨਿਯਮ 'ਤੇ। ਭਾਰਤ ਦੇ ਦਾਨਿਆਂ ਨੇ ਉਪਨਿਸ਼ਦਾਂ ਵਿਚ ਫ਼ੈਸਲਾ ਦਿੱਤਾ ਹੈ ਕਿ ਸਾਡੀ ਆਤਮਾ ਦੀ ਕਲਿਆਣ ਇਸ ਦੀ ਏਕਤਾ ਦੀ ਅੰਤਮ ਸਚਾਈ ਪ੍ਰਾਪਤ ਕਰਨ ਵਿਚ **ਹੈ**। ਉਹ ਇਉਂ ਕਹਿੰਦੇ ਸਨ :—"ਭਰਾਵੋ ! ਇਹ ਗੱਲ ਮੰਨ ਲਵੋ ਕਿ ਇਸ ਚਲਦੀ ਦੁਨੀਆਂ ਵਿਚ ਜੋ ਵੀ ਚੱਲ ਰਿਹਾ ਹੈ, ਹੁਕਮ ਅੰਦਰ ਹੀ ਹੈ ਅਤੇ ਤੁਸੀਂ ਤਿਆਗ ਰਾਹੀਂ ਅਨੰਦ ਪ੍ਰਾਪਤ ਕਰੋ ਮਾਲਕੀ ਦੀ ਭੁੱਖ ਰਾਹੀਂ ਨਹੀਂ।" ਮਹਿਰਿਸ਼ੀ ਰਾਬਿੰਦਰਾ ਨਾਥ ਟੈਗੋਰ ਦੀ ਅੰਗਰੇਜ਼ੀ ਪੁਸਤਕ CREA-TIVE UNITY (ਰਚਨਾਤਮਿਕ ਏਕਤਾ) ਵਿਚੋਂ।

ਟੈਗੋਰ ਜੀ ਦਾ ਭਾਵ ਇਹ ਹੈ ਕਿ ਭਾਰਤ ਦੀ ਧਾਰਮਿਕ ਵਿਦਿਆ ਦਾ ਅਸਰ ਇਹ ਸੀ ਕਿ ਮਨੁੱਖਾਂ ਦੀ ਨਿਗ੍ਹਾ ਏਕਤਾ ਵਾਲੀ ਹੋ ਜਾਂਦੀ ਸੀ। ਸਾਰਾ ਸੰਸਾਰ ਉਨ੍ਹਾਂ ਦਾ ਆਪਣਾ ਟੱਬਰ ਬਣ ਜਾਂਦਾ ਸੀ ਤੇ ਸੰਸਾਰ-ਸੇਵਾ ਜੀਵਨ-ਆਦਰਸ਼। ਜਿਸ ਗੱਭਰੂ ਦੇ ਸਿਰ ਉੱਤੇ ਮਾਂ ਬਾਪ ਤੇ ਭੈਣਾਂ ਭਰਾਵਾਂ ਦੀ ਪਾਲਣਾ ਦੀ ਜ਼ਿੰਮੇਵਾਰੀ ਹੋਵੇ ਉਹ ਆਪਣੇ ਵੱਲੋਂ ਵੱਧ ਤੋਂ ਵੱਧ ਉੱਦਮ ਕਰਦਾ ਹੈ, ਨਹੀਂ ਤਾਂ ਉਹ ਗਾਫ਼ਿਲ ਹੋ ਸਕਦਾ ਹੈ ਤੇ ਉਸ ਦੀਆਂ ਸ਼ਕਤੀਆਂ ਉਸ ਦੇ ਅੰਦਰ ਹੀ ਲੁਕੀਆਂ ਰਹਿ ਸਕਦੀਆਂ ਹਨ। ਇਸ ਦਾ ਅਰਥ ਇਹ ਹੋਇਆ ਕਿ ਸੰਸਾਰ ਦੇ ਜੀਵਾਂ ਦਾ ਜਿੰਨਾ ਵੀ ਭਾਰ ਕੋਈ ਬੰਦਾ ਆਪਣੇ ਸਿਰ ਤੇ ਚੁੱਕਦਾ ਹੈ ਓਨਾ ਹੀ ਉਸ ਦੀਆਂ ਸ਼ਕਤੀਆਂ ਦਾ ਵਿਕਾਸ ਹੋਣਾ ਚਾਹੀਦਾ ਹੈ ਤੇ ਉਸ ਨੂੰ ਰਚ-



Sri Satguru Jagjit Singh Ji eLibrary NamdhariElibrary@gmail.com

ਨਾਤਮਿਕਤਾ ਦੇ ਰਾਹ ਤੇ ਤੁਰਨਾ ਚਾਹੀਦਾ ਹੈ। ਈਸੋਪਨਿਸ਼ਦ ਦਾ ਉੱਤੇ ਆਇਆ ਸਲੋਕ ਬੰਦੇ ਦੀ ਸੰਸਾਰ ਦੇ ਸਾਰੇ ਜੀਵਾਂ ਨਾਲ ਦੁੱਖ-ਸੁੱਖ ਦੀ ਸਾਂਝ ਪਾ ਕੇ ਉਸ ਨੂੰ ਰਚਨਾਤਮਿਕਤਾ ਦੇ ਰਾਹ ਤੇ ਤੋਰਦਾ ਹੈ ਤੇ ਇਸ ਤਰ੍ਹਾਂ ਇਸ ਦੀਆਂ ਮਨ, ਬੁੱਧੀ ਤੇ ਸਰੀਰ ਦੀਆਂ ਸ਼ਕਤੀਆਂ ਦੇ ਵਿਕਾਸ ਦਾ ਕਾਰਨ ਬਣਦਾ ਹੈ।

ਅਸੀਂ ਜੀਵਨ ਦੇ ਅੰਦਰ ਖਾਸ ਖਾਸ ਤੇ ਨਾ ਛੱਡੇ ਜਾਣ ਵਾਲੇ ਕੰਮਾਂ ਨੂੰ ਕਰਨ ਵਾਲੇ ਬਣੇ ਰਹਿੰਦੇ ਹਾਂ। ਅਸੀਂ ਖਾਂਦੇ ਹਾਂ, ਪੀਂਦੇ ਹਾਂ, ਸੌਂਦੇ ਹਾਂ, ਕੰਮਾਂ ਵਿਚ ਲੱਗਦੇ ਹਾਂ ਅਤੇ ਬੱਚੇ ਜੰਮਦੇ ਹਾਂ ਅਸੀਂ ਕਰਮ ਕਰਦੇ ਅਤੇ ਪ੍ਰਤੀਕਰਮ ਕਬੂਲਦੇ ਹਾਂ, ਅਸੀਂ ਆਪਣੀ ਜ਼ਿੰਦ ਤੋਂ ਉਪ-ਜੋਆਂ ਧੱਕਾਂ ਦਾ ਪ੍ਰਗਟਾਵਾ ਕਰਦੇ ਰਹਿੰਦੇ ਹਾਂ, ਅਸੀਂ ਸੁੱਖ ਭਾਲਦੇ ਹਾਂ ਅਤੇ ਦੁੱਖਾਂ ਤੋਂ ਬਚਣਾ ਚਾਹੁੰਦੇ ਹਾਂ। ਇਸ ਤੋਂ ਛੁੱਟ ਸਾਡੇ ਸਰੀਰਕ ਜਜ਼ਬਾਤੀ ਅਤੇ ਮਾਨਸਿਕ ਜੀਵਨ ਦੇ ਸਾਰੇ ਕਾਰਜ ਬਾਰ-ਬਾਰ ਦੁਹਰਾਏ ਜਾਂਦੇ ਹਨ। ਸੱਚੀ ਗੱਲ ਇਹ ਹੈ ਕਿ ਸਾਡੀ ਸਾਰੀ ਕਾਰਗੁਜ਼ਾਰੀ ਇਕ ਬੱਝਵੇਂ ਮਾਨਸਿਕ ਢਾਂਚੇ ਤੋਂ ਆਪਣਾ ਰੁਖ਼ ਲੈਂਦੀ ਹੈ ਤੇ ਇਕ ਖਾਸ ਨਮੂਨੇ ਦੀ ਹੋ ਕੇ ਚੱਲਦੀ ਹੈ। ਕੰਮਾਂ ਦੇ ਬਾਰ ਬਾਰ ਦੁਹਰਾਣ ਨਾਲ ਸਾਡਾ ਜੀਵਨ ਆਖ਼ਿਰਕਾਰ ਇਕੋ ਤਰ੍ਹਾਂ ਦਾ ਅਤੇ ਮਸ਼ੀਨ ਵਾਂਗ ਆਪ ਮੁਹਾਰਾ ਚੱਲਣ ਵਾਲਾ ਬਣ ਜਾਂਦਾ ਹੈ, ਛੇਤੀ ਜਾਂ ਦੇਰ ਨਾਲ ਅਸੀਂ ਨਿਰੀ ਮਜ-ਬੂਰੀ ਦੀ ਭਾਲ ਹੋ 5 ਆਪਣੇ ਆਪ ਨੂੰ ਲੰਮਾ ਪਾ ਦੇਂਦੇ ਹਾਂ, ਭਾਵੇਂ ਇਹ ਸਮਾਜਿਕ, ਦਿਮਾਗ਼ੀ ਜਾਂ ਆਰਥਿਕ ਹੋਵੇ ਤੇ ਭਾਵੇਂ ਜ਼ਿੰਦ ਦੇ ਕਾਰਨ।

ਪਰ ਰਚਨਾਤਮਿਕ ਜੀਵਨ ਉਤਲੇ ਨਮੂਨੇ ਦੇ ਜੀਵਨ ਤੋਂ ਨਿਰ-ਸੰਦੇਹ ਵੱਖਰਾ ਹੋ ਕੇ ਚੱਲਦਾ ਹੈ। ਇਹ ਮਜ਼ਬੂਰੀ ਦੀ ਭਾਲ ਤੋਂ ਉਤਾਂਹ ਹੋ ਕੇ ਰਹਿੰਦਾ ਹੈ। ਇਹ ਜੀਵਨ ਦੇ ਅੰਦਰ ਅਚਨਚੇਤ ਵਾਪਰਦੇ ਵਾਕਿ-ਆਤ ਤੋਂ ਬਣਦਾ ਹੈ ਜਿਵੇਂ ਕਈ ਬੇ-ਮਿਸਾਲ ਸਮਿਆਂ ਦਾ ਸਾਡੇ ਮਨਾਂ ਤੇ ਪਿਆ ਪ੍ਰਭਾਵ ਅਣਪਛਾਤਿਆਂ ਦੇ ਮੇਲ ਜਾਂ ਅਚਾਨਕ ਹੋਏ ਅੰਤਰ ਆਤਮ ਇਲਹਾਮ। ਇਹ ਗੱਲਾਂ ਹਨ ਕੁਛ ਦੇਣ ਦੀਆਂ ਤੇ ਕੁਝ ਲੈਣ ਦੀਆਂ, ਸਾਡੇ ਮਨ ਦੀਆਂ ਡੂੰਘਿਆਈਆਂ ਵਿਚ ਜੋ ਭੰਡਾਰ ਵੱਧ ਪਿਆ ਹੁੰਦਾ ਹੈ ਇਹ ਉਸ ਨੂੰ ਬਾਹਰ ਉਛਾਲਦਾ ਹੈ। ਰਚਨਾਤਮਿਕਤਾ ਕੁਝ ਅਜਿਹੀ ਵਸਤ ਹੈ ਜਿਸ ਦੀ ਤਸ਼ਰੀਹ ਜਾਂ ਵਿਆਖਿਆ ਤਾਂ ਨਹੀਂ ਕੀਤੀ



Sri Satguru Jagjit Singh Ji eLibrary NamdhariElibrary@gmail.com

ਜਾ ਸਕਦੀ ਪਰ ਇਹ ਜੀਵਨ ਨੂੰ ਸ਼ੋਭਾ, ਖ਼ੂਬਸੂਰਤੀ ਤੇ ਬਾਂਕਾਪਨ ਦਿੰਦੀ ਹੈ। ਰਚਨਾਤਮਿਕ ਜੀਵਨ ਤੋਂ ਹੀ ਜੀਵਨ ਦੀਆਂ ਸਾਰੀਆਂ ਉਸਾਰੂ ਕੀਮਤਾਂ ਉਪਜਦੀਆਂ ਹਨ। ਇਸ ਦੁਆਰਾ ਹੀ ਅਸੀਂ ਆਪਣੀ ਹੋਂਦ ਦੀਆਂ ਅਤੇ ਆਪਣੇ ਆਲੇ-ਦੁਆਲੇ ਦੇ ਬਹੁਸੰਗੀ ਬ੍ਰਹਿਮੰਡਾਂ ਦੀਆਂ ਬਹੁਪੱਖੀ ਸ਼ਕਤੀਆਂ ਨੂੰ ਪ੍ਰਾਪਤ ਕਰ ਸਕਦੇ ਹਾਂ ਤੇ ਉਨ੍ਹਾਂ ਤੋਂ ਅਨੰਦ ਕੱਢ ਸਕਦੇ ਹਾਂ :—

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥
ਸਿਰੀਰਾਗ ਮਹਲਾ ੧ ਘਰੁ ੫ ॥ (ਪੰਨਾ ੨੬)

ਦਇਆ ਦੇ ਭਾਵ ਦਾ ਮਨੁੱਖੀ ਹਿਰਦੇ ਨਾਲ ਕੀ ਸੰਬੰਧ ਹੈ ਤੇ ਇਸ ਨੂੰ ਮਨੁੱਖੀ ਹਿਰਦੇ ਵਿਚ ਪਰਫੁੱਲਤ ਕਰਨ ਲਈ ਸਿੱਖ ਸਭਿਆ-ਚਾਰ ਆਪਣੇ ਅੰਦਰ ਕੀ ਕੁਝ ਰੱਖਦਾ ਹੈ, ਇਸ ਨੂੰ ਦੱਸਣ ਲਈ ਮੈਂ ਇਕ ਵੱਖਰਾ ਟਰੈਕਟ ਛਾਪ ਰਿਹਾ ਹਾਂ ਜਿਸ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਸ਼ਬਦ 'ਗੁਰ ਸਤਿਗੁਰ ਕਾ ਜੋ ਸਿੱਖ ਅਖਾਏ' ਤੇ ਭਾਈ ਗੁਰਦਾਸ ਜੀ ਦੀ ਵਾਰ ਦੀ ਪਉੜੀ 'ਗੁਰ ਸਿਖ ਭਲਕੇ ਉਠ ਕਰ ਅੰਮ੍ਰਿਤ ਵੇਲੇ ਸਰ ਨ੍ਹਾਵੰਦਾ' ਦੀ ਵਿਆਖਿਆ ਹੋਵੇਗੀ। ਇਸ ਤੋਂ ਛੁਟ ਇਸ ਕਿਤਾਬਚੇ ਵਿਚ ਦਿੱਤੇ ਗਏ ਟੈਗੋਰ ਜੀ ਦੇ ਲੇਖਾਂ ਵਰਗੇ ਕਈ ਅੰਗਰੇਜ਼ੀ ਹਵਾਲੇ ਸਮੇਤ ਪੰਜਾਬੀ ਤਰਜਮਿਆਂ, ਵਾਕਿਆਤ ਅਰਥਾਤ ਘਟਨਾਵਾਂ ਬੇਮਿਸਾਲ ਦਿੱਤੇ ਜਾ ਰਹੇ ਹਨ। —ਭਗਤ ਪੂਰਨ ਸਿੰਘ

ਨੋਟ:—ਪਰਉਪਕਾਰ ਦਾ ਜੀਵਨ ਬਤੀਤ ਕਰਨ ਨਾਲ ਮਨੁੱਖ ਦੇ ਜੀਵਨ ਦਾ ਵਿਕਾਸ ਕਿਸ ਹੱਦ ਤੱਕ ਹੋ ਸਕਦਾ ਹੈ ਇਸ ਗੱਲ ਦਾ ਪਤਾ ਇਕ ਅੰਗਰੇਜ਼ ਵਿਦਵਾਨ ਬ੍ਰਿੰਬਲ ਦੇ ਹੇਠ ਲਿਖੇ ਲੇਖ ਤੋਂ ਲੱਗ ਸ਼ਕਦਾ ਹੈ। — ਭਗਤ ਪੂਰਨ ਸਿੰਘ

"ਸਾਡੀਆਂ ਆਤਮਾਵਾਂ ਦੀ ਸਭ ਤੋਂ ਡੂੰਘੀ ਲੋੜ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਮਨੁੱਖ ਜਾਤੀ ਦਾ ਭਲਾ ਕਰਨ ਵਾਲੇ ਮਹਿਸੂਸ ਕਰੀਏ। ਜਦੋਂ ਅਸੀਂ ਮਨੁੱਖ ਜਾਤੀ ਦੇ ਉਚੇ ਸੁੱਚੇ ਲਾਭਾਂ ਨਾਲ ਆਪਣੇ ਆਪ ਨੂੰ ਜੋੜਦੇ ਹਾਂ ਕੇਵਲ ਉਦੋਂ ਹੀ ਅਸੀਂ ਆਪਣੇ ਸਮਾਜਿਕ ਅਤੇ ਇਸ ਲਈ ਆਪਣੇ ਪੂਰਨ ਮਨੁੱਖੀ ਸਰੂਪ ਦੀ ਪਹਿਚਾਨ ਕਰ ਲੈਂਦੇ ਹਾਂ।



Sri Satguru Jagjit Singh Ji eLibrary NamdhariElibrary@gmail.com

ਅਸੀਂ ਪੂਰਨ ਮਨੋਰਥਾਂ ਵਾਲੇ ਹੋ ਕੇ ਉਦੋਂ ਹੀ ਸੰਸਾਰ ਵਿਚ ਵਿਚਰਦੇ ਹਾਂ ਜਦੋਂ ਅਸੀਂ ਆਪਣੇ ਆਪ ਨੂੰ ਸੰਸਾਰ ਭਲਾਈ ਦੇ ਵਸੀਲੇ ਬਣਾ ਲੈਂਦੇ ਹਾਂ। ਜੈਰੇਮੀਆਂ ਤੋਂ ਲੈ ਕੇ ਲਿੰਕਨ ਤੱਕ ਸੰਸਾਰ ਦੀ ਤਵਾਰੀਖ਼ ਦੇ ਸਭ ਤੋਂ ਵੱਧ ਉਸਾਰੂ ਪ੍ਰਤਿਭਾਸ਼ੀਲ ਮਨੁੱਖ ਕੇਵਲ ਉਹੀ ਹੋਏ ਹਨ ਜਿਨ੍ਹਾਂ ਨੇ ਆਪਣੇ ਅੰਦਰ ਵਾਹਿਗੁਰੂ ਦੀ ਆਵਾਜ਼ ਨੂੰ ਸੁਣ ਕੇ ਆਪਣੇ ਆਪ ਨੂੰ ਮਨੁੱਖੀ ਨਸਲ ਦੀ ਸੇਵਾ ਲਈ ਤਨ, ਮਨ ਅਤੇ ਧਨ ਸਹਿਤ ਅਰਪਣ (ਗੋਲਾ ਮੁੱਲ ਖ਼ਰੀਦ) ਕਰ ਦਿੱਤਾ ਸੀ। ਉਹ ਸੰਸਾਰ ਵਿਚ ਹੋ ਚੁੱਕੇ ਉਨ੍ਹਾਂ ਅਣਗਿਣਤ ਕ੍ਰੋੜਾਂ ਗੁੰਮਨਾਮ ਬੰਦਿਆਂ ਵਿਚੋਂ ਹੀ ਚਮਕੇ ਹੋਏ ਹਨ ਜਿਨ੍ਹਾਂ ਦੇ ਅੰਦਰ ਵੀ ਰੱਬੀ ਅਗਨੀ ਜਲ ਰਹੀ ਸੀ ਭਾਵੇਂ ਪਰਜੁੱ-ਅਲਤ ਅਤੇ ਪ੍ਰਫੁੱਲਤ ਨਹੀਂ ਹੋਈ ਸੀ। ਜੇਕਰ ਸਾਡੇ ਆਪਣੇ ਅੰਦਰ ਵੀ ਭਰੋਸੇ ਭਰੀ ਐਸੀ ਕਲਪਨਾ ਹੋਵੇ ਤਾਂ ਅਸੀਂ ਆਪਣੇ ਨੌਜਵਾਨਾਂ ਵਿਚ ਕੋਮਲ ਅਤੇ ਜਿਧਰ ਨੂੰ ਮੋੜੋ ਮੁੜ ਜਾਣ ਵਾਲੀਆਂ ਸ਼ਕਤੀਆਂ ਭਰ ਦੇਈਏ। ਮਨੋ-ਵਿਗਿਆਨੀਆਂ ਦੀ ਲੰਘ ਰਹੀ ਨਸਲ ਨੇ ਨੌਜਵਾਨਾਂ ਦੇ ਆਦਰਸ਼ਵਾਦ ਉੱਤੇ ਬੜੇ ਵਿਸਥਾਰ ਨਾਲ ਵਿਚਾਰ ਕੀਤੀ ਹੈ ਪਰ ਸਾਡੇ ਅੱਜ ਦੇ ਹਾਈ ਸਕੂਲ ਨੇ ਇਸ ਉੱਤੇ ਨਾ ਕੋਈ ਗਹੁ ਕੀਤਾ ਹੈ ਤੇ ਨਾ ਇਸ ਨੂੰ ਸਮਾਜਿਕ ਲਾਭਾਂ ਲਈ ਵਰਤਣ ਦਾ ਕੋਈ ਯਤਨ ਕੀਤਾ ਹੈ। ਇਸ ਗੱਲ ਦਾ ਕਿਆਸ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਨੌਜਵਾਨਾਂ ਦੀਆਂ ਆਤਮਾਵਾਂ ਵਿਚ ਪਰਉਪਕਾਰ ਅਤੇ ਸੇਵਾ ਦੀਆਂ ਕਿੰਨੀਆਂ ਮਹਾਨ ਉੱਚੀਆਂ ਭਾਵਨਾਵਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ ਜੇ ਉਨ੍ਹਾਂ ਦੇ ਹਿਰਦਿਆਂ ਨੂੰ ਵਿਸ਼ਵਾਸਹੀਣ, ਕਠੋਰ ਤੇ ਰੂਪ ਵਿਗੜੇ ਵਾਲੀ ਦੁਨੀਆਂ ਖ਼ਰਾਬ ਨਾ ਕਰੇ। ਜੇ ਮਨੋਵਿਗਿਆਨੀਆਂ ਦੇ ਦੱਸੇ ਇਸ ਭਾਈ-ਚਾਰਕ ਆਦਰਸ਼ ਨੂੰ ਪ੍ਰਫੁਲਤ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਉੱਤੇ ਵੀ ਸੰਸਾਰ ਦੀ ਉੱਨਤੀ ਅਤੇ ਭਲਾਈ ਦਾ ਓਨਾ ਹੀ ਨਿਰਭਰ ਹੈ ਜਿੰਨਾ ਕਿ ਸਾਇੰਸ ਦੀਆਂ ਨਵੀਆਂ ਖੋਜਾਂ ਉਤੇ। ਇਹ ਉਹ ਖ਼ਮੀਰ ਹੈ ਜਿਹੜਾ ਮਨੁੱਖੀ ਸਮਾਜ ਦੀਆਂ ਸੰਸਥਾਵਾਂ ਨੂੰ ਜ਼ੁਲਮਾਂ ਦਾ ਰੂਪ ਧਾਰਨ ਕਰਨ ਤੋਂ ਰੋਕਦਾ ਰਹਿੰਦਾ ਹੈ ਅਰਥਾਤ ਜਿਵੇਂ ਖ਼ਮੀਰ ਆਟੇ ਵਿਚ ਪੈ ਕੇ ਉਸ ਨੂੰ ਕਾਠਾ ਹੋਣ ਤੋਂ ਬਚਾਉਂਦਾ ਹੈ, ਫੁਲਾਅ ਕੇ ਉਸ ਨੂੰ ਨਰਮ ਬਣਾ ਦਿੰਦਾ ਹੈ ਤਿਵੇਂ ਹੀ ਕਿਸੇ ਸੰਸਥਾ ਦੇ ਬੰਦਿਆਂ ਦੇ ਹਿਰਦਿਆਂ



Sri Satguru Jagjit Singh Ji eLibrary NamdhariElibrary@gmail.com

ਅੰਦਰ ਪ੍ਰਵੇਸ਼ ਕਰਕੇ ਇਹ ਗਿਆਨ ਉਨ੍ਹਾਂ ਨੂੰ ਕੋਮਲ ਹਿਰਦਿਆਂ ਵਾਲੇ ਦਇਆਵਾਨ ਬੰਦੇ ਬਣਾਈ ਰੱਖਦਾ ਹੈ।"

## THE DEEPEST NEED OF OUR SOULS

The deepest need of our souls is to feel ourselves benefactors of mankind Only as we identify ourselves with the most sublime interests of humanity do we find a thoroughly social and therefore the most complete self-realization. We function as satisfied ends only through asserting ourselves voluntarily as a means. History's most constructive geniuses have been those personalities from Jeremiah to Lincoln who answering the call of God in their own souls, gave themselves for the race. And they are but conspicuous types of undistinguished millions in whose breasts the same divine power has burned. What marvels might be wrought in the plastic souls of youths if we ourselves but had the vision of a great faith. The passing generation of psychologists expatiated on the idealism of adolescence, but our high schools have scarcely made a beginning in the art of cultivating it and harnessing it to social uses. What altruistic aspirations to social services might be kindled in the souls of our youths, were they never deformed by the hard misshapen figures of our unbelieving world. Upon the generation of this social idealism the progress of society depends no less upon scientific discovery. This is the leaven that keeps institution from hardening into tyranies. It is the ultimate objective of moral education

Book—Social Studies and World Citizenship. A Sociological Approach to Education—By L. J. F. Brimble (England.)



Sri Satguru Jagjit Singh Ji eLibrary NamdhariElibrary@gmail.com

—ਸੰਸਾਰ ਦੇ ਬੰਦੇ ਇਕੋ ਕਿਸ਼ਤੀ ਵਿਚ ਸਵਾਰ ਹਨ। ਜੇਕਰ ਕਿਸੇ ਕਿਸ਼ਤੀ ਵਿਚ ਬੈਠੇ ਬੰਦਿਆਂ ਵਿਚੋਂ ਬਹੁਤ ਥੋੜ੍ਹੇ ਜਿੰਨੇ ਬੰਦੇ ਦਰਿਆ ਵਿਚ ਕਿਸ਼ਤੀ ਦੇ ਸਫ਼ਰ ਦੇ ਨਿਯਮਾਂ ਨੂੰ ਜਾਣਦੇ ਹੋਣ ਤੇ ਬਹੁਤ ਜਣੇ ਨਾ ਜਾਣਦੇ ਹੋਣ ਤਾਂ ਉਸ ਕਿਸ਼ਤੀ ਦੇ ਥੋੜ੍ਹੇ ਜਿੰਨੇ ਅਕਲ ਵਾਲੇ ਬੰਦੇ ਜੇਕਰ ਆਪਣੀ ਕਿਸ਼ਤੀ ਦੇ ਸਫ਼ਰ ਨੂੰ ਸਫ਼ਲਤਾ ਨਾਲ ਸਿਰੇ ਚਾੜ੍ਹਨਾ ਚਾਹੁੰਦੇ ਹੋਣ ਤਾਂ ਅਜਿਹਾ ਉਹ ਕੇਵਲ ਇਸ ਤਰ੍ਹਾਂ ਨਾਲ ਹੀ ਕਰ ਸਕਦੇ ਹਨ ਕਿ ਉਹ ਕਿਸ਼ਤੀ ਦੇ ਸਾਰੇ ਮੁਸਾਫ਼ਿਰਾਂ ਨੂੰ ਦਰਿਆ ਦੇ ਸਫ਼ਰ ਦੇ ਨਿਯਮਾਂ ਦਾ ਗਿਆਨ ਦੇ ਦੇਣ ਕਿਉਂ ਕਿ ਜੇਕਰ ਉਹ ਅਜਿਹਾ ਨਾ ਕਰਨਗੇ ਤਾਂ ਕਿਸ਼ਤੀ ਦੇ ਨਿਯਮਾਂ ਨੂੰ ਨਾ ਜਾਣਨ ਵਾਲੇ ਬਹੁਤੇ ਬੰਦੇ ਉਹਨਾਂ ਨਿਯਮਾਂ ਦੀ ਉਲੰਘਣਾ ਕਰਕੇ ਕਿਸ਼ਤੀ ਨੂੰ ਡੁਬੋ ਦੇਣ ਦਾ ਕਾਰਨ ਬਣ ਸਕਦੇ ਹਨ। ਧਰਤੀ ਗਰਮ ਹੋ ਰਹੀ ਹੈ। ਪਹਾੜਾਂ 'ਚ ਰੁੱਖਾਂ ਨੂੰ ਅੰਨ੍ਹੇਵਾਹ ਕੱਟਿਆ ਜਾਣ ਦੇ ਕਾਰਨ ਮੀਂਹ ਦਾ ਪਾਣੀ ਜੰਗਲਾਂ ਦੀ ਰੋਕ ਤੋਂ ਬਿਨਾਂ ਮੈਦਾਨਾਂ ਵਿਚ ਛੇਤੀ ਨਾਲ ਆਉਣ ਕਾਰਨ ਹੜ੍ਹ ਲਿਆਉਂਦਾ ਹੈ। ਅਜਿਹੀਆਂ ਅਨੇਕਾਂ ਤਬਾਹੀਆਂ ਤੋਂ ਬਚਣ ਦਾ ਪ੍ਰਚਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬੂਹੇ ਅੱਗੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੀ ਮੁਫ਼ਤ ਵੰਡਾਈ ਦੁਆਰਾ ਜਨਤਾ ਵਿਚ ਕੀਤਾ ਜਾ ਰਿਹਾ ਹੈ ਤੇ ਸ੍ਰੀ ਦਰਬਾਰ ਸਾਹਿਬ ਦੀ ਸ਼ੋਭਾ ਨੂੰ ਸੰਸਾਰ ਦੇ ਕੋਨੇ-ਕੋਨੇ ਤੱਕ ਖਿਲਾਰ ਰਿਹਾ ਹੈ।

ਇਸ ਕਾਰਜ ਨੂੰ ਸਫ਼ਲਤਾ ਨਾਲ ਚਲਦਾ ਰੱਖਣ ਲਈ ਗੁਰੂ ਦੀ ਗੋਲਕ ਦਾ ਦਸਵੰਧ ਕੱਢਣਾ ਤੇ ਦਾਨ ਭੇਜਣਾ ਹਰ ਸਿੱਖ ਦਾ ਕਰਤੱਵ ਬਣਦਾ ਹੈ।

—ਭਗਤ ਪੂਰਨ ਸਿੰਘ, ਲਿਖਤ ਸਤੰਬਰ 1987

---

ਨੋਟ :-ਇਹ ਕਿਤਾਬਚਾ ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿਚ ਆਪ ਛਪਵਾਇਆ ਸੀ ਜਿਸ ਨੂੰ ਮੁੜ ਉਸੇ ਹੀ ਰੂਪ ਵਿਚ ਛਾਪ ਕੇ ਸੰਗਤਾਂ ਦੀ ਸੇਵਾ ਵਿਚ ਪ੍ਰਚਾਰ ਹਿਤ ਪੇਸ਼ ਕੀਤਾ ਜਾ ਰਿਹਾ ਹੈ।

—ਪ੍ਰਕਾਸ਼ਕ



Sri Satguru Jagjit Singh Ji eLibrary NamdhariElibrary@gmail.com

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ ਵਲੋਂ

ਸੰਨ 1992 ਤੋਂ ਬਾਅਦ ਦੀਆਂ ਕੀਤੀਆਂ ਗਈਆਂ

# ਪ੍ਰਾਪਤੀਆਂ

1. ਭਗਤ ਜੀ ਦੇ ਜੀਵਨ ਕਾਲ ਦੀਆਂ ਸੇਵਾਵਾਂ ਨੂੰ ਦਰਸਾਉਂਦੀਆਂ ਹੋਈਆਂ ਫੋਟੋਆਂ ਦਾ ਇਕ ਅਜਾਇਬ-ਘਰ ਬਣਾਇਆ ਹੈ ਜਿਥੋਂ ਸਭ ਨੂੰ ਸੇਵਾ ਦੀ ਪ੍ਰੇਰਨਾ ਮਿਲਦੀ ਹੈ।
2. ਸੰਸਥਾ ਵਿਚ ਇਕ ਡਿਸਪੈਂਸਰੀ ਬਣਾਈ ਹੈ ਜਿਥੇ ਬਾਹਰੋਂ ਡਾਕਟਰ ਸੇਵਾ ਲਈ ਆਉਂਦੇ ਹਨ; ਜਿਸ ਦਾ ਦਵਾਈਆਂ ਦਾ ਖ਼ਰਚ ਲੱਗਭੱਗ ਤੀਹ ਲੱਖ ਰੁਪਏ ਸਾਲਾਨਾ ਹੈ।
3 ਮਰੀਜ਼ਾਂ ਦੇ ਟੈਸਟਾਂ ਵਾਸਤੇ ਇਕ ਕਲੀਨੀਕਲ ਲੈਬੋਟਰੀ ਵੀ ਬਣਵਾਈ ਹੈ।
4. ਕੁਝ ਮਰੀਜ਼ ਜਦੋਂ ਠੀਕ ਹੋ ਜਾਂਦੇ ਹਨ ਤਾਂ ਉਹਨਾਂ ਨੂੰ 'ਕਿੱਤਾਕਾਰੀ ਸਿੱਖਿਆ' ਵੀ ਪਿੰਗਲਵਾੜੇ ਵਿਚ ਦਿੱਤੀ ਜਾਂਦੀ ਹੈ, ਜਿਸ ਤਰ੍ਹਾਂ ਕਿ ਸਿਲਾਈ ਕਢਾਈ ਕੁਰਸੀਆਂ ਬੁਣਨਾ, ਮੋਮਬੱਤੀਆਂ ਬਣਾਉਣਾ ਆਦਿ।
5. 'ਸੂਰਜੀ ਊਰਜਾ ਤਾਪ-ਯੰਤਰ' ਸਾਰੀਆਂ ਵਾਰਡਾਂ ਵਿਚ ਲਗਾਏ ਗਏ ਹਨ; ਜਿਨ੍ਹਾਂ ਤੇ ਲੱਗਭੱਗ 11,80,000/-ਰੁਪਏ ਖ਼ਰਚ ਆ ਚੁੱਕੇ ਹਨ। ਭਗਤ ਜੀ ਦੇ ਖ਼ਿਆਲਾਂ ਨੂੰ ਮੁੱਖ ਰੱਖਦੇ ਹੋਏ ਬਿਜਲੀ ਬਚਾਉਣ ਲਈ ਇਹ ਉਪਰਾਲਾ ਕੀਤਾ ਹੈ।
6. ਮਰੀਜ਼ਾਂ ਦੀ ਗਿਣਤੀ ਬਹੁਤ ਵਧ ਗਈ ਸੀ ਅਤੇ ਜਗ੍ਹਾ ਘੱਟ ਸੀ। ਇਸ ਲਈ ਪਹਿਲੀ ਜਗ੍ਹਾ ਵਿਚ ਹੀ ਹੋਰ ਵਾਰਡ ਬਣਾਏ ਗਏ ਹਨ ਜਿਨ੍ਹਾਂ ਤੇ ਲੱਗਭੱਗ 2 ਕਰੋੜ ਤੋਂ ਉਪਰ ਖ਼ਰਚ ਆਏ ਹਨ।
7, ਪਿੰਗਲਵਾੜਾ ਸੰਸਥਾ ਵਲੋਂ ਜ਼ਰੂਰਤ-ਮੰਦ ਲੋਕਾਂ ਦੀ ਸੇਵਾ ਲਈ ਹਰ ਜ਼ਿਲ੍ਹੇ ਵਿਚ ਪਿੰਗਲਵਾੜਾ ਅੰਮ੍ਰਿਤਸਰ ਦੀ ਇਕ ਇਕ ਬ੍ਰਾਂਚ ਖੋਲ੍ਹਣ ਦਾ ਉਪਰਾਲਾ ਕੀਤਾ ਗਿਆ ਹੈ। ਜਲੰਧਰ ਵਿਚ ਜਗ੍ਹਾ ਖ਼ਰੀਦ ਕੇ ਇਮਾਰਤ ਬਣਾਈ ਗਈ ਹੈ ਅਤੇ ਇਸ ਸਮੇਂ ਉਸ



Sri Satguru Jagjit Singh Ji eLibrary NamdhariElibrary@gmail.com

ਵਿਚ 40 ਮਰੀਜ਼ ਰਹਿ ਰਹੇ ਹਨ, ਜਿਸ ਤੇ ਲੱਗਭੱਗ 50 ਲੱਖ ਰੁਪਏ ਖ਼ਰਚ ਆ ਚੁੱਕੇ ਹਨ। 6500 ਵਰਗ ਗਜ ਜਗ੍ਹਾ ਵਿਚ ਬਣੀ ਸੰਗਰੂਰ ਬ੍ਰਾਂਚ ਦੀ ਇਮਾਰਤ ਦਾ ਉਦਘਾਟਨ 25 ਮਾਰਚ 2001 ਨੂੰ ਕੀਤਾ ਜਾ ਚੁੱਕਾ ਹੈ। ਇਸ ਬ੍ਰਾਂਚ ਵਿਚ ਇਸ ਵੇਲੇ 146 ਮਰੀਜ਼ ਹਨ। 200 ਮਰੀਜ਼ਾਂ ਲਈ ਇਮਾਰਤ ਨੂੰ ਪੂਰਾ ਕਰਨ ਦਾ Estimate ਲੱਗਭੱਗ ਦੋ ਕਰੋੜ ਰੁਪਏ ਦਾ ਹੈ। ਇਸ ਬ੍ਰਾਂਚ ਵਿਚ ਇਕ ਅਲੱਗ ਬਿਰਧ ਘਰ ਦਾ ਵੀ ਪ੍ਰਯੋਜਨ ਹੈ।

8 ਪਿੰਗਲਵਾੜਾ ਸੰਸਥਾ ਵਿਚ ਬਹੁਤੇ ਰੋਗੀ ਦਿਮਾਗ਼ੀ ਪ੍ਰੇਸ਼ਾਨੀ ਵਾਲੇ ਹਨ। ਇਹ ਆਪਣੇ ਆਪ ਸਮੇਂ ਸਿਰ ਦਵਾਈ ਨਹੀਂ ਖਾ ਸਕਦੇ ਇਸ ਲਈ ਟੈਕਨੀਕਲ ਸਟਾਫ਼ ਭਰਤੀ ਕੀਤਾ ਗਿਆ ਹੈ: ਫਾਰਮਾਸਿਸਟ, ਸਟਾਫ਼ ਨਰਸਾਂ, ਲੇਬੋਟਰੀ ਟੈਕਨੀਸ਼ਨ, ਨਰਸਾਂ। ਹੁਣ ਰੋਗੀਆਂ ਨੂੰ ਸਮੇਂ ਸਿਰ ਦਵਾਈ ਮਿਲ ਜਾਂਦੀ ਹੈ। ਹੁਣ ਤੱਕ ਤਕਰੀਬਨ 150 ਮਰੀਜ਼ ਠੀਕ ਕਰਕੇ ਵਾਪਸ ਭੇਜ ਚੁੱਕੇ ਹਾਂ ਜਿਹੜੇ ਲਾਵਾਰਸੀ ਦੀ ਹਾਲਤ ਵਿਚ ਸਾਡੇ ਕੋਲ ਆਏ ਸਨ, ਜਿਨ੍ਹਾਂ ਨੂੰ ਆਪਣੀ ਕੋਈ ਸ਼ੁੱਧ-ਬੁੱਧ ਨਹੀਂ ਸੀ।

9. ਕਈ ਰੋਗੀ ਸਾਡੇ ਕੋਲ ਹੱਡੀਆਂ ਟੁੱਟੀਆਂ ਵਾਲੇ ਆਉਂਦੇ ਹਨ ਜਿਨ੍ਹਾਂ ਤੇ ਸੰਸਥਾ ਦਾ 1½-1½ ਲੱਖ ਰੁਪਏ ਖ਼ਰਚ ਆ ਜਾਂਦੇ ਹਨ ਅਤੇ ਆਮ ਤੌਰ ਤੇ ਹੀ ਉਹਨਾਂ ਵਿਚ ਖ਼ੂਨ ਦੀ ਬਹੁਤ ਘਾਟ ਹੁੰਦੀ ਹੈ। ਕਈਆਂ ਵਿਚ ਤਾਂ 4-5 ਗ੍ਰਾਮ ਹੀ ਖ਼ੂਨ ਹੁੰਦਾ ਹੈ। ਇਕ-ਇਕ ਮਰੀਜ਼ ਨੂੰ 3-4 ਯੂਨਿਟ ਖ਼ੂਨ ਦੇ ਦੇਣੇ ਪੈਂਦੇ ਹਨ। ਇਹ ਇਕ ਬੜੀ ਵੱਡੀ ਸਮੱਸਿਆ ਸੀ। ਹੁਣ ਦੋ ਸਾਲਾਂ ਤੋਂ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ। ਆਪ ਨੂੰ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਕੁਝ ਸਾਲ ਪਹਿਲੇ ਜਥੇਦਾਰ ਅਕਾਲ ਤਖ਼ਤ ਸਾਹਿਬ ਭਾਈ ਰਣਜੀਤ ਸਿੰਘ ਜੀ ਨੇ ਆਪਣੇ ਖ਼ੂਨ ਦਾ ਦਾਨ ਕਰਕੇ ਕੈਂਪ ਦਾ ਉਦਘਾਟਨ ਕੀਤਾ ਸੀ।

10. ਭਗਤ ਪੂਰਨ ਸਿੰਘ ਜੀ ਹੋਰਾਂ ਦੀ ਇਹ ਦਿਲੀ ਇੱਛਾ ਸੀ ਕਿ ਉਹ ਸੰਸਾਰ ਦੇ ਪ੍ਰਾਣੀ-ਮਾਤਰਾਂ ਨੂੰ ਵਾਤਾਵਰਣ ਪ੍ਰਦੂਸ਼ਣਾਂ ਬਾਰੇ ਜਾਗ੍ਰਿਤ ਕਰਕੇ ਅਤੇ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਉਪਾਅ ਕਰਨ। ਇਸ ਗੱਲ ਨੂੰ ਮੁੱਖ ਰੱਖ ਕੇ ਪ੍ਰਦੂਸ਼ਣ ਸੰਬੰਧੀ ਸਾਹਿਤ


Sri Satguru Jagjit Singh Ji eLibrary NamdhariElibrary@gmail.com

ਛਾਪ ਕੇ ਮੁਫ਼ਤ ਵੰਡਿਆ ਜਾਂਦਾ ਹੈ ਅਤੇ ਵਣ-ਵਿਭਾਗ ਤੇ ਸੰਗਤਾਂ ਦੀ ਮਦਦ ਨਾਲ ਹਰ ਸਾਲ ਸੈਂਕੜੇ ਰੁੱਖ ਲਗਾਏ ਜਾਂਦੇ ਹਨ

11 ਪਿੰਗਲਵਾੜੇ ਵਿਚ ਪਲੀਆਂ ਅਤੇ ਰਾਜ਼ੀ ਹੋਈਆਂ 10-11 ਬੱਚੀਆਂ ਦੀਆਂ ਸ਼ਾਦੀਆਂ ਵੀ ਸੰਸਥਾ ਵਲੋਂ ਕੀਤੀਆਂ ਗਈਆਂ ਹਨ।

12. ਹਾਦਸਿਆਂ ਵਿਚ ਹੋਏ ਜ਼ਖ਼ਮੀਆਂ ਦੀ ਕੋਈ ਸਾਰ ਨਹੀਂ ਲੈਂਦਾ ਇਸ ਗੱਲ ਨੂੰ ਮੁੱਖ ਰੱਖਦੇ ਹੋਏ ਸੰਸਥਾ ਵਲੋਂ ਇਕ ਟਰੌਮਾ ਵੈਨ ਤਿਆਰ ਕੀਤੀ ਗਈ ਹੈ ਜਿਸ ਵਿਚ ਸੰਸਥਾ ਦੇ ਕਰਮਚਾਰੀ ਪੀੜਤਾਂ ਨੂੰ ਮੁੱਢਲੀ ਸਹਾਇਤਾ ਦੇ ਕੇ ਹਸਪਤਾਲਾਂ ਵਿਚ ਪਹੁੰਚਾਉਂਦੇ ਹਨ।

13. ਪਿੰਗਲਵਾੜਾ ਸੰਸਥਾ ਦੇ ਮਰੀਜ਼ਾਂ ਨੂੰ ਇਲਾਜ ਲਈ ਵੱਖ-ਵੱਖ ਹਸਪਤਾਲਾਂ ਵਿਚ ਭੇਜਣ ਲਈ ਸੰਗਤਾਂ ਦੀਆਂ ਦਾਨ ਕੀਤੀਆਂ ਗਈਆਂ ਤਿੰਨ ਐਂਬੂਲੈਂਸਾਂ ਹਨ।

14. ਪਿੰਗਲਵਾੜਾ ਸੰਸਥਾ ਵਿਚ 60 ਮੰਦ-ਬੁੱਧੀ ਬੱਚੇ ਹਨ। ਇਸ ਸਮੇਂ ਸੰਸਥਾ ਉਹਨਾਂ ਨੂੰ ਸਿੱਖਿਆ ਦੇਣ ਲਈ ਛੋਟੀ ਪੱਧਰ ਤੇ ਉਪਰਾਲਾ ਕਰ ਰਹੀ ਹੈ। ਸੰਸਥਾ ਸਾਹਮਣੇ ਇਹ ਪ੍ਰੋਜੈਕਟ ਹੈ ਕਿ ਮੰਦ-ਬੁੱਧੀ ਬੱਚਿਆਂ ਦਾ ਵੱਡੀ ਪੱਧਰ ਤੇ ਸਕੂਲ ਖੋਲ੍ਹਿਆ ਜਾਵੇ। ਗ਼ਰੀਬਾਂ ਲਈ ਬਣਾਵਟੀ ਅੰਗ ਬਣਾਏ ਜਾਣ, ਬਿਰਧ ਆਸ਼ਰਮ ਬਣਾਇਆ ਜਾਵੇ। ਬਾਕੀ ਹੋਰ ਮਰੀਜ਼ਾਂ ਤੇ ਸਟਾਫ਼ ਲਈ ਰਿਹਾਇਸ਼ ਦਾ ਪ੍ਰਬੰਧ ਕਰਨ ਲਈ ਅੰਮ੍ਰਿਤਸਰ ਤੋਂ 9-10 ਕਿਲੋਮੀਟਰ ਦੂਰ ਜੀ. ਟੀ. ਰੋਡ ਤੇ 20 ਏਕੜ ਜ਼ਮੀਨ ਖ਼੍ਰੀਦੀ ਗਈ ਹੈ ਜਿਸ ਤੇ 1,91,15,433/- ਰੁਪਏ ਖ਼ਰਚ ਆ ਚੁੱਕੇ ਹਨ।

15. ਸਤਿਕਾਰਯੋਗ ਭਗਤ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥ ਨਾਨਕੁ ਤਿਨਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸੁ॥" ਦੇ ਮੁਤਾਬਕ ਜੀਵਨ ਜੀਵਿਆ। ਉਹ ਝੁੱਗੀਆਂ-ਝੌਂਪੜੀਆਂ ਵਾਲਿਆਂ ਨੂੰ ਬਹੁਤ ਪਿਆਰ ਕਰਦੇ ਹੁੰਦੇ ਸਨ। ਪਿੰਗਲਵਾੜੇ ਤੋਂ ਵਧੀ ਚੀਜ਼ ਖਾਣ ਪੀਣ ਵਾਲੀ ਜਾਂ ਕੱਪੜੇ ਵਗੈਰਾ ਝੁੱਗੀਆਂ ਵਿਚ ਭੇਜ ਦਿੰਦੇ ਸਨ। ਜਿੱਥੇ ਝੁੱਗੀਆਂ ਹੁੰਦੀਆਂ ਸਨ ਉਥੇ ਪਾਣੀ ਪੀਣ ਵਾਸਤੇ ਨਲਕਾ ਵੀ



Sri Satguru Jagjit Singh Ji eLibrary NamdhariElibrary@gmail.com

ਲਗਵਾ ਦਿੰਦੇ ਸਨ। ਇਸ ਸਾਂਝ ਨੂੰ ਅੱਗੇ ਤੋਰਦਿਆਂ ਹੋਇਆਂ ਹੁਣ ਸੰਸਥਾ ਵਲੋਂ ਝੁੱਗੀਆਂ ਵਿਚ Immunization Camp ਲਗਾਇਆ ਜਾਂਦਾ ਹੈ ਅਤੇ ਉਹਨਾਂ ਦੇ ਬੱਚਿਆਂ ਨੂੰ ਵਿਦਿਆ ਦੇਣ ਲਈ ਉਥੇ ਇਕ ਸਕੂਲ ਵੀ ਬਣਾਇਆ ਗਿਆ ਹੈ। ਬੱਚਿਆਂ ਨੂੰ ਕਿਤਾਬਾਂ, ਕਾਪੀਆਂ, ਪੈਨਸਿਲਾਂ ਵੀ ਲੈ ਕੇ ਦਿੱਤੀਆਂ ਜਾਂਦੀਆਂ ਹਨ ਅਤੇ ਅਧਿਆਪਕਾਂ ਦੀ ਤਨਖ਼ਾਹ ਵੀ ਦਿੱਤੀ ਜਾਂਦੀ ਹੈ।

16. ਹੋਰ ਗ਼ਰੀਬ ਬੱਚਿਆਂ ਨੂੰ ਫ਼ੀਸਾਂ ਤੇ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ।

17. ਬੁੱਟਰ ਕਲਾਂ, (ਨੇੜੇ ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ ਵਿਚ ਭਗਤ ਪੂਰਨ ਸਿੰਘ ਆਦਰਸ਼ ਸਕੂਲ ਸੰਨ 1999 ਵਿਚ ਸ਼ੁਰੂ ਕੀਤਾ ਗਿਆ, ਇਸ ਵਿਚ ਅੱਜ 286 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ। 2002 ਦੇ ਪੰਜਵੀਂ ਜਮਾਤ ਦੇ ਨਤੀਜੇ ਵਿਚ 17 ਵਿਚੋਂ 15 ਬੱਚਿਆਂ ਨੇ ਅਵਲ ਦਰਜਾ ਪ੍ਰਾਪਤ ਕੀਤਾ ਹੈ।

18. ਟੀ. ਬੀ. ਇਕ ਇਹੋ ਜਿਹੀ ਬੀਮਾਰੀ ਹੈ ਜਿਸ ਦਾ ਮਰੀਜ਼ ਜੇ ਦਵਾਈ ਦਾ ਕੋਰਸ ਪੂਰਾ ਨਾ ਕਰੇ ਤਾਂ ਉਹ ਸਮਾਜ ਵਿਚ ਟੀ. ਬੀ. ਦੀ ਬੀਮਾਰੀ ਫੈਲਾਉਂਦਾ ਹੈ। ਇਸ ਲਈ ਇਸ ਬੀਮਾਰੀ ਨੂੰ ਤੇ ਇਹੋ ਜਿਹੀਆਂ ਹੋਰ ਕਈ ਬੀਮਾਰੀਆਂ ਦੇ ਗ਼ਰੀਬ ਰੋਗੀਆਂ ਨੂੰ ਪਿੰਗਲਵਾੜੇ ਵਲੋਂ ਮੁਫ਼ਤ ਦਵਾਈ ਦਿੱਤੀ ਜਾਂਦੀ ਹੈ।

19. ਸੰਸਥਾ ਦੀਆਂ ਸਾਰੀਆਂ ਵਾਰਡਾਂ ਵਿਚ ਮਰੀਜ਼ਾਂ ਦੇ ਗੁਰਬਾਣੀ ਸੁਣਨ ਲਈ ਡੈੱਕ ਲਗਾਏ ਗਏ ਹਨ।

20. ਭਗਤ ਪੂਰਨ ਸਿੰਘ ਵਿਦਿਆ ਮੰਦਿਰ 1996 ਤੋਂ ਪਿੰਡ ਵੱਲਾ ਵਿਚ ਚੱਲ ਰਿਹਾ ਹੈ। ਇਸ ਵਿਚ 256 ਬੱਚੇ ਦਾਖ਼ਲ ਹਨ।

21. ਜਲੰਧਰ ਜੀ. ਟੀ. ਰੋਡ 'ਤੇ ਮਾਨਾਂਵਾਲਾ ਵਿਖੇ ਸੰਸਥਾ ਨੇ 20 ਏਕੜ ਜ਼ਮੀਨ ਖ਼ਰੀਦ ਲਈ ਹੈ। ਇਸ ਵਿਚ ਲਾਵਾਰਸ ਲੜਕੀਆਂ ਦਾ ਹੋਸਟਲ, ਬਣਾਵਟੀ ਅੰਗ ਕੇਂਦਰ, ਇਕ ਸੀਨੀਅਰ ਸੈਕੰਡਰੀ ਤੇ ਇਕ ਮੰਦ-ਬੁੱਧੀ ਬੱਚਿਆਂ ਦੇ ਸਕੂਲ ਦਾ ਪ੍ਰਯੋਜਨ ਹੈ। ਅੱਜ



Sri Satguru Jagjit Singh Ji eLibrary NamdhariElibrary@gmail.com

ਬਣਾਵਟੀ ਅੰਗ ਸੈਂਟਰ ਤੇ ਹੋਸਟਲ ਉਸਾਰੀ ਅਧੀਨ ਹਨ ਤੇ ਇਨ੍ਹਾਂ ਤੇ ਲੱਗਭੱਗ ਪਚਾਸੀ ਲੱਖ ਰੁਪਏ ਖ਼ਰਚ ਹੋ ਚੁੱਕਾ ਹੈ।

ਇਹਨਾਂ ਸਾਰੇ ਕਾਰਜਾਂ ਨੂੰ ਨਿਭਾਉਣ ਲਈ ਸੰਸਥਾ ਦਾ ਰੋਜ਼ ਦਾ ਖ਼ਰਚ 1,60,000/-ਰੁਪਏ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 5 ਲੱਖ ਰੁਪਏ ਸਾਲਾਨਾ ਸਹਾਇਤਾ ਦਿੰਦੀ ਹੈ। ਬਹੁਤੇ ਇਤਿਹਾਸਿਕ ਗੁਰਦੁਆਰਿਆਂ ਵਿਚ ਪਿੰਗਲਵਾੜੇ ਦੀਆਂ ਗੋਲਕਾਂ ਲੱਗੀਆਂ ਹੋਈਆਂ ਹਨ ਜਿਨ੍ਹਾਂ ਰਾਹੀਂ ਸੰਗਤਾਂ ਇਹਨਾਂ ਕਾਰਜਾਂ ਲਈ ਖੁੱਲ੍ਹ ਕੇ ਦਾਨ ਦਿੰਦੀਆਂ ਹਨ।

ਇਹ ਸਾਰੀਆਂ ਪ੍ਰਾਪਤੀਆਂ ਸੁਹਿਰਦ ਦਾਨੀਆਂ ਵੱਲੋਂ ਦਿੱਤੇ ਸਹਿਯੋਗ ਕਰਕੇ ਹੀ ਸੰਭਵ ਹੋ ਸਕੀਆਂ ਹਨ । ਸਾਨੂੰ ਤਾਂ ਹਰ ਪਲ ਆਪ ਸਭ ਦੇ ਆਸ਼ੀਰਵਾਦਾਂ ਦੀ ਹੀ ਲੋੜ ਹੈ। ਆਸ ਹੈ ਆਪ ਸਾਡੇ ਸੇਵਾਦਾਰਾਂ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖੋਗੇ।

ਡਾ: ਇੰਦਰਜੀਤ ਕੋਰ
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)
ਅੰਮ੍ਰਿਤਸਰ।

---

## ਅਪੀਲ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ ਵਲੋਂ ਕੋਈ ਵੀ ਸੇਵਾਦਾਰ ਪਿੰਡਾਂ ਜਾਂ ਸ਼ਹਿਰਾਂ ਵਿਚ) ਗੋਲਕ ਨਾਲ ਮਾਇਆ ਉਗਰਾਹੁਣ [ਬੱਸ ਅੱਡੇ ਅਤੇ ਰੇਲਵੇ ਸਟੇਸ਼ਨ ਛੱਡ ਕੇ] ਜਾਂ ਜਿਣਸ ਦੀ ਉਗਰਾਹੀ ਕਰਨ ਹਿੱਤ ਨਹੀਂ ਭੇਜਿਆ ਜਾ ਰਿਹਾ; ਪ੍ਰੰਤੂ ਸਰਟੀਫਿਕੇਟ ਵਿਚ ਦਿੱਤੇ ਇਲਾਕੇ ਅਨੁਸਾਰ ਸੇਵਾਦਾਰ ਰਸੀਦ ਬੁੱਕਾਂ ਨਾਲ ਮਾਇਆ ਦੀ ਉਗਰਾਹੀ ਕਰ ਸਕਦੇ ਹਨ। ਸੰਗਤਾਂ ਜਿਣਸ ਕਿਰਪਾ ਕਰਕੇ ਆਪ ਦਫ਼ਤਰ ਪਿੰਗਲਵਾੜਾ, ਅੰਮ੍ਰਿਤਸਰ ਵਿਖੇ ਪਹੁੰਚਾਉਣ ਜਾਂ ਸੂਚਿਤ ਕਰਨ।

ਪ੍ਰਾਰਥਕ :—
ਡਾ: ਇੰਦਰਜੀਤ ਕੌਰ
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾ: (ਰਜਿ:), ਅੰਮ੍ਰਿਤਸਰ।



Sri Satguru Jagjit Singh Ji eLibrary NamdhariElibrary@gmail.com

# ਪਿੰਗਲਵਾੜੇ ਦੀਆਂ ਬ੍ਰਾਂਚਾਂ ਦਾ ਵੇਰਵਾ

ਪਿੰਗਲਵਾੜਾ ਸੰਸਥਾ ਅੰਮ੍ਰਿਤਸਰ ਸੰਨ 1947 ਤੋਂ ਲੈ ਕੇ ਹੁਣ ਤੱਕ ਬੀਮਾਰਾਂ, ਅਪਾਹਿਜਾਂ, ਲਾਵਾਰਸਾਂ, ਪਾਗਲ ਬੱਚਿਆਂ, ਮਰਦਾਂ, ਇਸਤਰੀਆਂ ਅਤੇ ਅੰਗਹੀਣਾਂ ਦੀ ਸੇਵਾ-ਸੰਭਾਲ ਦਾਨੀ ਸੱਜਣਾਂ ਦੇ ਸਹਿਯੋਗ ਤੇ ਗੁਰੂ ਘਰ ਦੀ ਬਖ਼ਸ਼ਿਸ਼ ਦੁਆਰਾ ਨਿਰੰਤਰ ਕਰਦੀ ਆ ਰਹੀ ਹੈ। ਸੰਸਥਾ ਦੀਆਂ ਅੰਮ੍ਰਿਤਸਰ ਤੋਂ ਇਲਾਵਾ ਹੋਰ ਸ਼ਾਖ਼ਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :—

(ੳ) **ਸ੍ਰੀ ਗੋਇੰਦਵਾਲ ਸਾਹਿਬ :** ਗੁਰਦਵਾਰਾ ਸਾਹਿਬ ਦੇ ਨਜ਼ਦੀਕ
ਟੈਲੀਫੋਨ : 01859-22798
ਬ੍ਰਾਂਚ ਮੈਨੇਜਰ : ਬੀਬੀ ਬਲਵਿੰਦਰ ਕੌਰ

(ਅ) **ਪੰਡੋਰੀ ਵੜੈਚ (ਮਜੀਠਾ ਰੋਡ) :** ਅੰਮ੍ਰਿਤਸਰ ਤੋਂ 8 ਕਿਲੋਮੀਟਰ ਦੂਰ
ਬ੍ਰਾਂਚ ਮੈਨੇਜਰ : ਸ੍ਰ: ਕੰਵਲਜੀਤ ਸਿੰਘ
ਮਰੀਜ਼ਾਂ ਤੋਂ ਇਲਾਵਾ ਇਥੇ ਗਊਸ਼ਾਲਾ ਵੀ ਹੈ ਜਿਸ ਵਿਚ 100 ਦੇ ਕਰੀਬ ਗਊਆਂ, ਵੱਛੇ ਤੇ ਵੱਛੀਆਂ ਹਨ।

(ੲ) **ਜਲੰਧਰ :** ਮਕਦੂਮਪੁਰਾ, ਧੋਬੀ ਮਹੱਲਾ (ਇਨਕਮਟੈਕਸ ਦਫ਼ਤਰ ਦੇ ਪਿੱਛੇ)
ਟੈਲੀਫੋਨ : 0181-238947

(ਸ) **ਚੰਡੀਗੜ੍ਹ ਪਲਸੌਰਾ :**
ਟੈਲੀਫੋਨ : 0172-697625
ਸ੍ਰੀ ਪੀ. ਸੀ. ਜੈਨ, ਮੈਂਬਰ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ
ਟੈਲੀਫੋਨ : 0172-693850

(ਹ) **ਸੰਗਰੂਰ ।** (ਧੂਰੀ ਰੋਡ ਤੇ ਸੰਗਰੂਰ ਤੋਂ 3 ਕਿਲੋਮੀਟਰ ਦੂਰ)
ਮੁੱਖ ਪ੍ਰਬੰਧਕ ਤੇ ਨਿਸ਼ਕਾਮ ਸੇਵਕ ਸ੍ਰ: ਤਰਲੋਚਨ ਸਿੰਘ ਚੀਮਾ
ਟੈਲੀਫੋਨ : 0167-3236812
ਬ੍ਰਾਂਚ ਮੈਨੇਜਰ : ਸ੍ਰੀ ਰਾਜੇਸ਼ ਕੁਮਾਰ
ਟੈਲੀਫੋਨ : 0167-3235040

(ਕ) **ਮਾਨਾਂਵਾਲਾ :** (ਜੀ. ਟੀ. ਰੋਡ ਉਪਰ, ਅੰਮ੍ਰਿਤਸਰ ਤੋਂ 10 ਕਿ: ਦੂਰ)
ਪ੍ਰਬੰਧਕ : ਸ੍ਰ: ਸਰਬਜੀਤ ਸਿੰਘ
ਟੈਲੀਫੋਨ : 0183-470247

Sri Satguru Jagjit Singh Ji eLibrary NamdhariElibrary@gmail.com

## ਸਮੂਹ ਬ੍ਰਾਂਚਾਂ ਵਿਚ ਮੌਜੂਦਾ ਰੋਗੀਆਂ ਦੀ ਗਿਣਤੀ 1 ਅਪਰੈਲ 2002 ਨੂੰ ਇਸ ਪ੍ਰਕਾਰ ਹੈ :

| | | | | | |
|---|---|---|---|---|---|
| ਮਾਨਸਿਕ ਰੋਗੀ | — | 166 | ਨੇਤਰਹੀਣ | — | 21 |
| ਅਧਰੰਗ, ਪੋਲੀਓ | — | 43 | ਏਡਜ਼ ਵਾਲੇ | — | 03 |
| ਮੰਦ ਬੁੱਧੀ | — | 156 | ਮਿਰਗੀ ਦੇ ਰੋਗੀ | — | 93 |
| ਗੂੰਗੇ ਬੋਲੇ | — | 44 | ਕੈਂਸਰ ਵਾਲੇ | — | 02 |
| ਬਿਰਧ | — | 110 | ਸਕੂਲ ਜਾਣ ਵਾਲੇ ਬੱਚੇ | — | 40 |
| ਜ਼ਖ਼ਮੀ | — | 43 | ਨਵੇਂ ਜਨਮੇ ਬੱਚੇ | — | 09 |
| ਟੀ. ਬੀ. ਵਾਲੇ | — | 29 | ਠੀਕ ਹੋ ਗਏ | — | 20 |

ਕੁੱਲ ਮਰੀਜ਼ —779

# ਅਪੀਲ

ਸੰਸਥਾ ਦਾ ਰੋਜ਼ਾਨਾ ਖ਼ਰਚ 1,60,000 ਰੁਪਏ ਦੇ ਲੱਗਭੱਗ ਹੈ। ਮਾਨਵਤਾ ਦੇ ਪੁਜਾਰੀ ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਨੇ ਇਸ ਸੇਵਾ ਦੇ ਕੁੰਭ ਨੂੰ ਬੜੇ ਬਿਖ਼ਮ ਪੈਂਡਿਆਂ ਵਿਚੋਂ ਲੰਘਦਿਆਂ ਹੋਇਆਂ ਆਪਣੀ 88 ਸਾਲਾਂ ਦੀ ਉਮਰ ਤੱਕ ਬਿਨਾਂ ਕਿਸੇ ਜ਼ਾਤ, ਮਜ਼੍ਹਬ, ਰੰਗ ਤੇ ਨਸਲ ਤੋਂ ਉਪਰ ਉੱਠ ਕੇ ਸਾਂਝੀਵਾਲਤਾ ਦੇ ਅਕੀਦੇ ਨੂੰ ਮੁੱਖ ਰੱਖਦਿਆਂ ਹੋਇਆਂ ਨਿਭਾਇਆ। ਭਗਤ ਜੀ ਨੇ ਪੀੜਤ ਲੋਕਾਈ ਦੇ ਦਰਦ ਨੂੰ ਘਟਾਉਣ ਹਿੱਤ ਜਿੱਥੇ ਆਪਣੀ ਸਾਰੀ ਜ਼ਿੰਦਗੀ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰ ਦਿੱਤੀ ਉਥੇ ਉਨ੍ਹਾਂ ਪ੍ਰਦੂਸ਼ਣ ਤੇ ਆਬਾਦੀ ਨੂੰ ਘਟਾਉਣ, ਰੁੱਖਾਂ ਨੂੰ ਵੱਧ ਤੋਂ ਵੱਧ ਲਾਉਣ, ਧਰਮ ਪ੍ਰਚਾਰ ਤੇ ਅਨੇਕਾਂ ਵਾਪਰਨ ਵਾਲੇ ਖ਼ਤਰਿਆਂ ਤੋਂ ਲੋਕਾਂ ਨੂੰ ਜਾਣੂੰ ਕਰਾਉਣ ਸੰਬੰਧੀ ਇਸ਼ਤਿਹਾਰਾਂ, ਕਿਤਾਬਚਿਆਂ ਤੇ ਕਿਤਾਬਾਂ ਦੀ ਮੁਫ਼ਤ ਵੰਡਾਈ ਰਾਹੀਂ ਪ੍ਰਚਾਰ ਕੀਤਾ। ਇਹ ਪ੍ਰਚਾਰ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਅਨੁਸਾਰ ਬਰਕਰਾਰ ਰੱਖਿਆ ਜਾ ਰਿਹਾ ਹੈ।

ਮੈਂ ਗੁਰੂ ਘਰ ਦੇ ਪ੍ਰੇਮੀਆਂ ਅੱਗੇ ਹੱਥ ਜੋੜ ਬਿਨੈ ਕਰਦੀ ਹਾਂ ਕਿ ਉਹ ਪਿੰਗਲਵਾੜਾ ਸੰਸਥਾ ਵਿਚ ਸੇਵਾ-ਸੰਭਾਲ ਤੇ ਇਲਾਜ ਹਿੱਤ ਰਹਿ ਰਹੇ ਲਾਵਾਰਸ ਮਰੀਜ਼ਾਂ ਦੀ ਸਹਾਇਤਾ ਲਈ ਵੱਧ ਤੋਂ ਵੱਧ ਦੇਸ਼ ਪ੍ਰਦੇਸ਼ ਵਿਚੋਂ ਮਾਇਆ ਦੇ ਗੱਫੇ ਪਿੰਗਲਵਾੜਾ ਸੰਸਥਾ ਦੇ ਨਾਉਂ ਭੇਜਣ ਤੇ ਭਿਜਵਾਉਣ ਦੀ ਕ੍ਰਿਪਾਲਤਾ ਕਰਨ।

ਬਿਨੈਕਾਰ :

**ਡਾ: ਇੰਦਰਜੀਤ ਕੌਰ**

ਮੁੱਖ ਸੇਵਾਦਾਰ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ।
ਟੈਲੀਫ਼ੋਨ : 584586, 584713. ਫ਼ੈਕਸ : 584586

Sri Satguru Jagjit Singh Ji eLibrary NamdhariElibrary@gmail.com